JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

To view our online newspaper visit **punjabipost.ca/epaper** | Vol 22* Issue 126 | Friday, June 30, 2023 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਅੰਦਰ ਇਹ ਵੀ ਪੜ੍ਹੋ

**ਚੋਣਾਂ ਵਿੱਚ ਵਿਦੇਸ਼ੀ ਦਖ਼ਲ ਦੇ ਮੁੱਦੇ ਉੱਤੇ ਵਿਰੋਧੀ ਪਾਰਟੀਆਂ ਦੇ ਸਹਿਯੋਗ ਮਗਰੋਂ ਹੀ ਚੁੱਕਾਂਗੇ ਅਗਲਾ ਕਦਮ : ਟਰੂਡੋ**



ਪੰਨਾ 03

**ਕੁੜੱਤਣ ਨਾਲ ਭਰਿਆਂ ਦੀ ਗੱਲ ਸੁਣਨੀ ਚਾਹੀਦੀ ਹੈ, ਪਰ ਨਗਾਰਖਾਨੇ ਵਿੱਚ ਤੂਤੀ ਦੀ ਆਵਾਜ਼ ਸੁਣੇਗਾ ਕੌਣ !**

ਜਤਿੰਦਰ ਪਨੂੰ ਦੀ ਕਲਮ ਤੋਂ



ਪੰਨਾ 06




ਕੈਨੇਡੀਅਨ ਪੰਜਾਬੀ ਪੋਸਟ ਵਲੋਂ ਕਾਰੋਬਾਰੀਆਂ ਅਤੇ ਪਾਠਕਾਂ ਨੂੰ ਕੈਨੇਡਾ ਡੇਅ ਦੀਆਂ ਲੱਖ-ਲੱਖ ਮੁਬਾਰਕਾਂ। ਇਸ ਦੇ ਨਾਲ ਹੀ ਪੰਜਾਬੀ ਪੋਸਟ ਅਦਾਰਾ ਆਪਣੇ ਸਹਿਯੋਗੀਆਂ ਦੀ ਸਹਾਇਤਾ ਨਾਲ 21 ਸਾਲ ਪੂਰੇ ਕਰ ਕੇ 22ਵੇਂ ਸਾਲ ਵਿਚ ਦਾਖਲ ਹੋ ਗਿਆ ਹੈ। ਸਮੂਹ ਕੈਨੇਡਾ ਵਾਸੀਆਂ ਅਤੇ ਕਾਰੋਬਾਰੀਆਂ ਨੂੰ ਅਦਾਰੇ ਵੱਲੋਂ ਕੈਨੇਡਾ ਡੇਅ ਦੀਆਂ ਮੁਬਾਰਕਾਂ।

# ਲਿਬਰਲ ਸਰਕਾਰ ਦੇ ਆਨਲਾਈਨ ਨਿਊਜ਼ ਐਕਟ ਕਰਕੇ ਕੈਨੇਡੀਅਨ ਖਬਰਾਂ ਹਟਾਉਣ ਉੱਤੇ ਅੜਿਆ ਗੂਗਲ

ਓਟਵਾ, 29 ਜੂਨ (ਪੋਸਟ ਬਿਊਰੋ) : ਗੂਗਲ ਨੇ ਵੀਰਵਾਰ ਨੂੰ ਸਪਸ਼ਟ ਕੀਤਾ ਹੈ ਕਿ ਲਿਬਰਲ ਸਰਕਾਰ ਦੇ ਆਨਲਾਈਨ ਨਿਊਜ਼ ਐਕਟ ਕਰਕੇ ਉਹ ਆਪਣੇ ਪਲੇਟਫਾਰਮਜ਼ ਤੋਂ ਕੈਨੇਡੀਅਨ ਖਬਰਾਂ ਹਟਾ ਦੇਵੇਗਾ ਤੇ ਲੋਕਲ ਪਬਲਿਸ਼ਰਜ਼ ਨਾਲ ਚੱਲ ਰਹੀਆਂ ਆਪਣੀਆਂ ਡੀਲਜ਼ ਨੂੰ ਵੀ ਖ਼ਤਮ ਕਰ ਲਵੇਗਾ। ਇਸ ਨਿਊਜ਼ ਐਕਟ ਵਿੱਚ ਗੂਗਲ ਤੇ ਮੈਟਾ ਵਰਗੀਆਂ ਡਿਜੀਟਲ ਕੰਪਨੀਆਂ ਨੂੰ ਕੈਨੇਡਾ ਦੇ ਮੀਡੀਆ ਆਊਟਲੈਟਸ ਦੀ ਸਮੱਗਰੀ ਪੋਸਟ ਕਰਨ ਬਦਲੇ ਅਦਾਇਗੀ ਕਰਨ ਲਈ ਆਖਿਆ ਗਿਆ ਹੈ।




ਇਸ ਉੱਤੇ ਪ੍ਰਤੀਕਿਰਿਆ ਦਿੰਦਿਆਂ ਗੂਗਲ ਨੇ ਆਪਣੇ ਸਰਚ ਇੰਜਣ, ਗੂਗਲ ਨਿਊਜ਼ ਤੇ ਗੂਗਲ ਡਿਸਕਵਰ ਤੋਂ ਸਿਰਫ ਕੈਨੇਡੀਅਨ ਪਬਲਿਸ਼ਰਜ਼ ਤੇ ਰੀਡਰਜ਼ ਲਈ ਨਿਊਜ਼ ਲਿੰਕ ਹਟਾਉਣ ਦਾ ਫੈਸਲਾ ਕੀਤਾ ਹੈ। ਕੈਨੇਡੀਅਨ ਯੂਜ਼ਰਜ਼ ਅਜੇ ਵੀ ਬੀਬੀਸੀ, ਨਿਊ ਯੌਰਕ ਟਾਈਮਜ਼ ਤੇ ਫੌਕਸ ਨਿਊਜ਼ ਵਰਗੇ ਇੰਟਰਨੈਸ਼ਨਲ ਆਊਟਲੈਟਸ ਤੋਂ ਨਿਊਜ਼ ਸਰਚ ਕਰ ਸਕਣਗੇ। ਕੰਪਨੀ ਨੇ ਇਹ ਵੀ ਆਖਿਆ ਹੈ ਕਿ ਉਹ ਕੈਨੇਡਾ ਵਿੱਚ ਗੂਗਲ ਨਿਊਜ਼ ਸ਼ੋਅਕੇਸ ਨੂੰ ਵੀ ਖ਼ਤਮ ਕਰੇਗੀ। ਇਹ ਅਜਿਹਾ ਪ੍ਰੋਡਕਟ ਹੈ ਜਿਸ ਦੀ ਵਰਤੋਂ ਇਸ ਵੱਲੋਂ 150 ਤੋਂ ਵੱਧ ਲੋਕਲ ਪਬਲਿਸ਼ਰਜ਼ ਤੋਂ ਨਿਊਜ਼ ਨੂੰ ਲਾਇਸੰਸ ਕਰਨ ਲਈ ਕੀਤੀ ਜਾਂਦੀ ਹੈ।

ਵੀਰਵਾਰ ਨੂੰ ਇੱਕ ਇੰਟਰਵਿਊ ਵਿੱਚ ਗੂਗਲ ਲਈ ਗਲੋਬਲ ਅਫੇਅਰਜ਼ ਤੇ ਇਸ ਦੀ ਪੇਰੈਂਟ ਕੰਪਨੀ ਐਲਫਾਬੈੱਟ ਦੇ ਪ੍ਰੈਜ਼ੀਡੈਂਟ ਕੈਂਟ ਵਾਕਰ ਨੇ ਆਖਿਆ ਕਿ ਇੱਕ ਵਾਰੀ ਇਸ ਕਾਨੂੰਨ ਦੇ ਪ੍ਰਭਾਵੀ ਹੋਣ ਮਗਰੋਂ ਅਸੀਂ ਇਨ੍ਹਾਂ ਅਗਰੀਮੈਂਟਸ ਨੂੰ ਜਾਰੀ ਨਹੀਂ ਰੱਖ ਸਕਾਂਗੇ।

...ਬਾਕੀ ਪੰਨਾ 3 'ਤੇ

## ਯੂਨੀਵਰਸਿਟੀ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ 24 ਸਾਲਾ ਵਿਅਕਤੀ ਨੂੰ ਕੀਤਾ ਗਿਆ ਚਾਰਜ



ਵਾਟਰਲੂ, 29 ਜੂਨ (ਪੋਸਟ ਬਿਊਰੋ) : ਬੁੱਧਵਾਰ ਨੂੰ ਯੂਨੀਵਰਸਿਟੀ ਆਫ ਵਾਟਰਲੂ ਵਿੱਚ ਤਿੰਨ ਵਿਅਕਤੀਆਂ ਨੂੰ ਚਾਕੂ ਮਾਰ ਕੇ ਜ਼ਖ਼ਮੀ ਕਰਨ ਦੇ ਮਾਮਲੇ ਵਿੱਚ ਇੱਕ 24 ਸਾਲਾ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ। ਉਸ ਖਿਲਾਫ 10 ਚਾਰਜਿਜ਼ ਲਾਏ ਗਏ ਹਨ।

...ਬਾਕੀ ਪੰਨਾ 3 'ਤੇ



ਟਾਈਗਰ ਜੀਤ ਸਿੰਘ ਫਾਊਂਡੇਸ਼ਨ ਵਲੋਂ 8ਵੇਂ ਸਲਾਨਾ ਗੌਲਫ ਟੂਰਨਾਮੈਂਟ ਦੌਰਾਨ 2 ਲੱਖ 10 ਹਜਾਰ ਡਾਲਰ ਦਾ ਫੰਡ 'ਮਿਰੇਕਲ ਆਨ ਮੇਨ' ਚੈਰਿਟੀ ਲਈ ਇਕੱਤਰ ਕੀਤਾ ਗਿਆ। ਤਸਵੀਰ ਵਿਚ ਟਾਈਗਰ ਜੀਤ ਸਿੰਘ, ਟਾਈਗਰ ਜੂਨੀਅਰ, ਮੇਅਰ ਪੈਟ੍ਰਿਕ ਬ੍ਰਾਊਨ, ਗੌਰਡ ਕਰੈਂਟਜ਼, ਪੀਲ ਪੁਲਸ ਚੀਫ ਨਿਸ਼ਾਨ ਦੁਰੱਈਅੱਪਾ, ਡਿਪਟੀ ਚੀਫ ਨਿਕ ਮਿਲੀਨੋਵਿਚ, ਵਾਲਸ਼ ਸਮੂਹ ਦੇ ਮੁਖੀ ਅਤੇ ਹੋਰ ਮਹਿਮਾਨ।

## ਡਾਇਬਟੀਜ਼ ਪ੍ਰਤੀ ਜਾਗਰੁਕਤਾ ਲਈ ਕੈਨੇਡਾ ਤੇ ਅਮਰੀਕਾ ਵਿੱਚ ਰਾਈਡ ਕਰੇਗਾ ਸਿੱਖ ਮੋਟਰਸਾਈਕਲ ਕਲੱਬ ਆਫ ਓਨਟਾਰੀਓ

ਟੋਰਾਂਟੋ, 29 ਜੂਨ (ਪੋਸਟ ਬਿਊਰੋ) : ਸਿੱਖ ਮੋਟਰਸਾਈਕਲ ਕਲੱਬ ਆਫ ਓਨਟਾਰੀਓ ਵੱਲੋਂ ਕੈਨੇਡਾ, ਅਲਾਸਕਾ ਤੇ ਅਮਰੀਕਾ ਵਿੱਚ ਵਾਸ਼ਿੰਗਟਨ ਤੋਂ ਲੈ ਕੇ ਮਿਸ਼ੀਗਨ ਤੱਕ ਰਾਈਡ ਕਰਨ ਦਾ ਐਲਾਨ ਕੀਤਾ ਗਿਆ ਹੈ।



ਇਹ ਰਾਈਡ ਕੈਨੇਡਾ ਡੇਅ ਵਾਲੇ ਦਿਨ, ਪਹਿਲੀ ਜੁਲਾਈ ਨੂੰ ਸ਼ੁਰੂ ਹੋਵੇਗੀ। ਇਸ ਦੌਰਾਨ ਡਾਇਬਟੀਜ਼ ਵਰਗੀ ਬਿਮਾਰੀ ਲਈ ਕਮਿਊਨਿਟੀਜ਼ ਨੂੰ ਜਾਗਰੂਕ ਕੀਤਾ ਜਾਵੇਗਾ।

...ਬਾਕੀ ਪੰਨਾ 3 'ਤੇ

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
KSG Pest Control Inc.
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6
Brampton, ON, L6P 3W4
Open Saturday
Providing excellent quality legal services to our clients

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
(Government Approved Licensed Technician)
416 938 4598

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

$3199
$1699
$5299*
SUPER! SAVINGS FOR SUPER DADS
5.2 CU FT. CAPACITY (AI WASH)
7.4 CU FT. CAPACITY (REVERSIBLE DOOR)
CAFÉ KitchenAid moffat MAYTAG LG SAMSUNG Electrolux JENNAIR BOSCH Whirlpool
5781 Highway 7 Unit 10 Vaughan, ON L4L 1T8 (416) 477-5556
44 Fasken Dr, #2-9 Etobicoke, ON M9W 5M8 (416) 792-0877
Unit #1, 241 Clarence St Brampton, On L6W 3E7 (416) 551-3343
Unit #4 -1540 Fanshawe Park Road West London, On N6H 5L8 (519) 641-1010
Unit #6 – 410 Lewis Road Stoney Creek, On L8E 5Y7 (905) 643-0818
1050 Speers Road Oakville, On L6L 2X4 (416) 613-0555
416-551-5553
WWW.OURRHOMEAPPLIANCES.COM

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Allstate. You're in good hands.
Insurance
Shawn Budwal
Allstate Sales Agent
Waterdown Agency
94 Dundas Street East, Unit 3
289-678-4024
sbudwal@allstate.ca
Trademark used under licence by Allstate Insurance Company. 232374 | 6-23

SUPER VISA INSURANCE EXPERTS
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca
topinsuranceservices.ca

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Axel InsuranceBrokers Ltd.
1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


HARDEEP
GREWAL
MPP BRAMPTON EAST
HAPPY
CANADA
DAY
JULY 1ST
Today is the day of enjoyment, happiness and get-togethers because Canada turns a year older.
WISHING YOU A VERY HAPPY CANADA DAY !
HardeepSinghGrewal
Hardeep_Grewal
Hardeep.Grewal@pc.ola.org
HardeepGrewal_
1 Gateway Blvd, Unit #307, Brampton, ON L6T 0G3
905.799.3939


HAPPY
CANADA
DAY!
www.facebook.com/soniasidhuliberal
www.instagram.com/soniasidhu/?hl=en
www.twitter.com/SoniaLiberal
www.soniasidhu.libparl.ca
www.youtube.com/@soniasidhu3876
Sonia Sidhu
Member of Parliament - Brampton South
5 Montpelier Street Unit #214 Brampton, ON L6Y 6H4
Telephone: 905-846-0076 / Fax: 905-846-3901 / Email: sonia.sidhu@parl.gc.ca


PRABMEET SARKARIA
MPP BRAMPTON SOUTH
HAPPY
CANADA
DAY
Time has come to fly the flag and send best wishes to your loved ones. Time has come to spend beautiful time with your family and friends. Wishing everyone a very
"Happy Canada Day"
7700 Hurontario Street, Unit 402, Brampton, ON L6Y 4M3
905.796.8669

## ਅੱਜ ਨਾਮਾ

ਛੱਤਾ ਸ਼ਹਿਦ ਦਾ ਲੱਗਾ ਬਈ ਨਜ਼ਰ ਆਵੇ,
ਲੱਗਿਆ ਕਿਸ ਤਰ੍ਹਾਂ ਜਾਣਦਾ ਕੋਈ ਨਾਹੀਂ।
ਮੱਖੀ ਸ਼ਹਿਦ ਦੀ ਫੁੱਲਾਂ ਦੇ ਗਿਰਦ ਘੁੰਮਦੀ,
ਥੱਕੀ ਪਈ ਚੂਰ ਉਹ ਕਿਤੇ ਖੜੋਈ ਨਾਹੀਂ।
ਸ਼ਹਿਦ ਮਿਹਨਤ ਦਾ ਮਾਨਣਗੇ ਹੋਰ ਲੋਕੀਂ,
ਕਿਸਮਤ ਮੱਖੀ ਦੇ ਪੱਖ ਵਿੱਚ ਹੋਈ ਨਾਹੀਂ।
ਮਿਹਨਤ ਪਿੱਛੋਂ ਵੀ ਉਹ ਬੇਕਦਰ ਰਹਿੰਦੀ,
ਨਾਲ ਅਫਸੋਸ ਦੇ ਕਦੀ ਉਹ ਰੋਈ ਨਾਹੀਂ।
ਭਰ-ਭਰ ਹੋਇਆ ਜਦ ਹੋਏ ਤਿਆਰ ਛੱਤਾ,
ਕਾਹਲੇ ਦੌੜਦੇ ਆਉਣ ਕਈ ਲਾਹੁਣ ਬੇਲੀ।
ਮੱਖੀ ਜਾਣੇ ਮਰ-ਜਾਣੀ ਇਹ ਜਗਤ-ਲੀਲ੍ਹਾ,
ਜੱਗ ਤਾਂ ਵਗਦੇ ਪਏ ਜਾਣਦਾ ਵਾਹੁਣ ਬੇਲੀ।

**ਤੀਸ ਮਾਰ ਖਾਂ**

## ਚੋਣਾਂ ਵਿੱਚ ਵਿਦੇਸ਼ੀ ਦਖ਼ਲ ਦੇ ਮੁੱਦੇ ਉੱਤੇ ਵਿਰੋਧੀ ਪਾਰਟੀਆਂ ਦੇ ਸਹਿਯੋਗ ਮਗਰੋਂ ਹੀ ਚੁੱਕਾਂਗੇ ਅਗਲਾ ਕਦਮ : ਟਰੂਡੋ



ਓਟਵਾ, 29 ਜੂਨ (ਪੋਸਟ ਬਿਊਰੋ) : ਚੋਣਾਂ ਵਿੱਚ ਵਿਦੇਸ਼ੀ ਦਖ਼ਲ ਦੀ ਜਾਂਚ ਲਈ ਕਿਸੇ ਵੀ ਤਰ੍ਹਾਂ ਦਾ ਅਗਲਾ ਕਦਮ ਚੁੱਕੇ ਜਾਣ ਸਬੰਧੀ ਐਲਾਨ ਤੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇਨਕਾਰ ਕਰ ਦਿੱਤਾ ਗਿਆ ਹੈ। ਉਨ੍ਹਾਂ ਸਾਫ ਆਖ ਦਿੱਤਾ ਹੈ ਕਿ ਇਸ ਮਾਮਲੇ ਵਿੱਚ ਜਦੋਂ ਤੱਕ ਵਿਰੋਧੀ ਪਾਰਟੀਆਂ ਉਨ੍ਹਾਂ ਨੂੰ ਪੂਰੀ ਤਰ੍ਹਾਂ ਸਹਿਯੋਗ ਨਹੀਂ ਦੇਣਗੀਆਂ ਉਹ ਅਗਲੀ ਕਾਰਵਾਈ ਲਈ ਹਰੀ ਝੰਡੀ ਨਹੀਂ ਦੇਣਗੇ।

ਟਰੂਡੋ ਨੇ ਆਖਿਆ ਕਿ ਇਸ ਮਾਮਲੇ ਲਈ ਸਪੈਸ਼ਲ ਰੈਪੋਰਟਰ ਡੇਵਿਡ ਜੌਹਨਸਟਨ ਨੂੰ ਨਿਯੁਕਤ ਕੀਤਾ ਗਿਆ ਸੀ ਤੇ ਉਨ੍ਹਾਂ ਵੱਲੋਂ ਕੀਤੀ ਜਾਂਚ ਦੌਰਾਨ ਜੋ ਵੀ ਹਾਲਾਤ ਪੈਦਾ ਹੋਏ, ਉਹ ਉਸ ਤੋਂ ਬਚਣਾ ਚਾਹੁੰਦੇ ਹਨ। ਬੁੱਧਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਵਿਦੇਸ਼ੀ ਦਖ਼ਲ ਦੇ ਮੁੱਦੇ ਬਾਰੇ ਅਗਲੀ ਕੋਈ ਵੀ ਪ੍ਰਕਿਰਿਆ ਸ਼ੁਰੂ ਕਰਨ ਤੋਂ ਪਹਿਲਾਂ ਸਾਰੀਆਂ ਪਾਰਟੀਆਂ ਉਨ੍ਹਾਂ ਨੂੰ ਇਹ ਰਾਇ ਦੇਣਗੀਆਂ ਕਿ ਇਹ ਕਿਸ ਤਰ੍ਹਾਂ ਹੋਵੇਗੀ ਤੇ ਇਸ ਨੂੰ ਕੌਣ ਕਰੇਗਾ।

ਜ਼ਿਕਰਯੋਗ ਹੈ ਕਿ ਵਿਰੋਧੀ ਪਾਰਟੀਆਂ ਵੱਲੋਂ ਡੇਵਿਡ ਜੌਹਨਸਟਨ ਨੂੰ ਅਜਿਹੇ ਨਾਜ਼ੁਕ ਮਸਲੇ ਲਈ ਵਿਸ਼ੇਸ਼ ਤੌਰ ਉੱਤੇ ਰੈਪੋਰਟਰ ਨਿਯੁਕਤ ਕਰਨ ਉੱਤੇ ਇਤਰਾਜ਼ ਪ੍ਰਗਟਾਇਆ ਗਿਆ ਸੀ ਤੇ ਉਨ੍ਹਾਂ ਤੋਂ ਅਸਤੀਫੇ ਦੀ ਮੰਗ ਵੀ ਕੀਤੀ ਗਈ ਸੀ। ਇਸ ਮਹੀਨੇ ਦੇ ਸ਼ੁਰੂ ਵਿੱਚ ਜੌਹਨਸਟਨ ਵੱਲੋਂ ਪਬਲਿਕ ਜਾਂਚ ਦੇ ਖਿਲਾਫ ਸਿਫਾਰਸ਼ ਕਰਨ ਤੋਂ ਬਾਅਦ ਰਿਪੋਰਟ ਜਮ੍ਹਾਂ ਕਰਵਾਉਣ ਤੋਂ ਬਾਅਦ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਗਿਆ। ਇਸ ਤੋਂ ਬਾਅਦ ਤੋਂ ਹੀ ਇੰਟਰਗਵਰਮੈਂਟਲ ਅਫੇਅਰਜ਼ ਮੰਤਰੀ ਡੌਮੀਨਿਕ ਲੀਬਲਾਂਕ ਵਿਰੋਧੀ ਧਿਰਾਂ ਨਾਲ ਇਹ ਵਿਚਾਰ ਵਟਾਂਦਰਾ ਕਰਨ ਵਿੱਚ ਲੱਗੇ ਹੋਏ ਹਨ ਕਿ ਇਸ ਮੁੱਦੇ ਉੱਤੇ ਅੱਗੇ ਕਿਸ ਤਰ੍ਹਾਂ ਵਧਿਆ ਜਾਵੇ।

## ਹੈਲਥ ਪ੍ਰੋਫੈਸ਼ਨਲਜ਼ ਨੂੰ ਕੈਨੇਡਾ ਸੱਦਣ ਲਈ ਨਵਾਂ ਐਕਸਪ੍ਰੈੱਸ ਐਂਟਰੀ ਸਿਸਟਮ ਸ਼ੁਰੂ ਕਰ ਰਹੀ ਹੈ ਸਰਕਾਰ



ਓਟਵਾ, 29 ਜੂਨ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਬੁੱਧਵਾਰ ਨੂੰ ਇਹ ਐਲਾਨ ਕੀਤਾ ਗਿਆ ਹੈ ਕਿ ਫੈਮਿਲੀ ਡਾਕਟਰਜ਼ ਵਾਂਗ ਹੀ ਡਾਕਟਰਾਂ ਦੀ ਘਾਟ ਨੂੰ ਖ਼ਤਮ ਕਰਨ ਲਈ ਸਰਕਾਰ ਕੈਨੇਡਾ ਦੇ ਇਮੀਗ੍ਰੇਸ਼ਨ ਸਿਸਟਮ ਦੀ ਵਰਤੋਂ ਕਰਕੇ ਹੈਲਥ ਕੇਅਰ ਵਰਕਰਜ਼ ਭਰਤੀ ਕਰੇਗੀ।

ਬੈਡਫੋਰਡ, ਨੋਵਾ ਸਕੋਸ਼ੀਆ ਵਿੱਚ ਇੱਕ ਈਵੈਂਟ ਉੱਤੇ ਇਮੀਗ੍ਰੇਸ਼ਨ ਮੰਤਰੀ ਸ਼ੌਨ ਫਰੇਜ਼ਰ ਤੇ ਸਿਹਤ ਮੰਤਰੀ ਜੀਨ-ਯਵੇਸ ਡਕਲਸ ਨੇ ਆਖਿਆ ਕਿ ਇਕਨੌਮਿਕ ਇਮੀਗ੍ਰੇਸ਼ਨ ਪ੍ਰੋਗਰਾਮ ਤਹਿਤ ਸਿਹਤ ਪ੍ਰੋਫੈਸ਼ਨਲਜ਼ ਨੂੰ ਕੈਨੇਡਾ ਸੱਦਣ ਲਈ ਨਵਾਂ ਐਕਸਪ੍ਰੈੱਸ ਐਂਟਰੀ ਸਿਸਟਮ ਸ਼ੁਰੂ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਇਸ ਲਈ ਜਲਦ ਹੀ 500 ਫੌਰਨ ਹੈਲਥ ਵਰਕਰਜ਼ ਨੂੰ ਕੈਨੇਡਾ ਵਿੱਚ ਪਰਮਾਨੈਂਟ ਰੈਜ਼ੀਡੈਂਸੀ ਹਾਸਲ ਕਰਨ ਲਈ ਅਪਲਾਈ ਕਰਨ ਦਾ ਸੱਦਾ ਭੇਜਿਆ ਜਾਵੇਗਾ। 1500 ਹੋਰਨਾਂ ਹੈਲਥ ਕੇਅਰ ਵਰਕਰਜ਼ ਨੂੰ ਅਗਲੇ ਹਫਤੇ ਇਸ ਸਬੰਧੀ ਸੱਦਾ ਭੇਜਿਆ ਜਾਵੇਗਾ।

ਹੈਲਥ ਕੇਅਰ ਸੰਕਟ, ਜੋ ਕਿ ਸਟਾਫ ਦੀ ਘਾਟ ਕਾਰਨ ਪੈਦਾ ਹੋਇਆ ਹੈ, ਨਾਲ ਸਿੱਝਣ ਲਈ ਫੈਡਰਲ ਸਰਕਾਰ ਵੱਲੋਂ ਵਿਦੇਸ਼ੀ ਡਾਕਟਰਾਂ, ਨਰਸਾਂ, ਡੈਂਟਿਸਟਸ, ਫਾਰਮਾਸਿਸਟਸ, ਫਿਜ਼ੀਓਥੈਰੇਪਿਸਟਸ ਤੇ ਓਪਟੋਮੀਟਰਿਸਟਸ ਨੂੰ ਵੀ ਕੈਨੇਡਾ ਸੱਦਣ ਲਈ ਇਸ ਤਰ੍ਹਾਂ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਜ਼ਿਕਰਯੋਗ ਹੈ ਕਿ ਐਂਗਸ ਰੀਡ ਵੱਲੋਂ ਕਰਵਾਏ ਗਏ ਸਰਵੇਖਣ ਤੋਂ ਇਹ ਸਾਹਮਣੇ ਆਇਆ ਹੈ ਕਿ ਹਾਲਾਤ ਕਾਫੀ ਮਾੜੇ ਹਨ। ਅੰਦਾਜ਼ਨ ਛੇ ਮਿਲੀਅਨ ਕੈਨੇਡੀਅਨਜ਼ ਕੋਲ ਕੋਈ ਫੈਮਿਲੀ ਡਾਕਟਰ ਹੀ ਨਹੀਂ ਹੈ। ਇਸ ਦੇ ਨਾਲ ਹੀ ਕੈਨੇਡਾ ਵਿੱਚ ਸਪੈਸ਼ਲਿਸਟਸ ਦੀ ਵੀ ਘਾਟ ਹੈ।

ਆਉਣ ਵਾਲੇ ਪੰਜ ਸਾਲਾਂ ਵਿੱਚ ਡਾਕਟਰਾਂ ਦੀ ਇਸ ਘਾਟ ਵਿੱਚ ਹੋਰ ਵਾਧਾ ਹੋਣ ਦਾ ਖਦਸ਼ਾ ਹੈ। ਫੈਡਰਲ ਡਾਟਾ ਅਨੁਸਾਰ ਕੈਨੇਡਾ ਵਿੱਚ 2028 ਤੱਕ 44,000 ਡਾਕਟਰਾਂ, ਜਿਨ੍ਹਾਂ ਵਿੱਚ 30,000 ਤੋਂ ਵੱਧ ਫੈਮਿਲੀ ਡਾਕਟਰ ਤੇ ਜਨਰਲ ਪ੍ਰੈਕਟੀਸ਼ਨਰ ਸ਼ਾਮਲ ਹਨ, ਦੀ ਘਾਟ ਹੋ ਜਾਵੇਗੀ। ਫਰੇਜ਼ਰ ਨੇ ਆਖਿਆ ਕਿ 2017 ਤੇ 2022 ਦਰਮਿਆਨ ਕੈਨੇਡਾ ਨੇ 21,000 ਹੈਲਥ ਕੇਅਰ ਵਰਕਰਜ਼ ਨੂੰ ਕੈਨੇਡਾ ਸੱਦਿਆ ਸੀ, ਜੋ ਕਿ ਸਾਲ ਦੇ 4,000 ਵਰਕਰਜ਼ ਤੋਂ ਕੁੱਝ ਵੱਧ ਬਣਦੇ ਹਨ। ਪਰ ਇਸ ਵਾਰੀ ਸਰਕਾਰ ਦਾ ਟੀਚਾ ਹਰ ਸਾਲ 8,000 ਨਵੇਂ ਹੈਲਥ ਕੇਅਰ ਵਰਕਰਜ਼ ਨੂੰ ਕੈਨੇਡਾ ਸੱਦਣ ਦਾ ਹੈ।

## ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਰਾਹਗੀਰ ਦੀ ਹੋਈ ਮੌਤ



ਬੈਰੀ, 29 ਜੂਨ (ਪੋਸਟ ਬਿਊਰੋ) : ਬੈਰੀ ਵਿੱਚ ਹਾਈਵੇਅ 400 ਉੱਤੇ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਰਾਹਗੀਰ ਦੀ ਮੌਤ ਹੋ ਗਈ।

ਮੰਗਲਵਾਰ ਨੂੰ ਰਾਤੀਂ 11:30 ਵਜੇ ਦੇ ਨੇੜੇ ਤੇੜੇ ਡਨਲਪ ਸਟਰੀਟ ਨੇੜੇ ਹਾਈਵੇਅ ਦੀਆਂ ਦੱਖਣ ਵਾਲੀਆਂ ਲੇਨਜ਼ ਉੱਤੇ ਵਾਪਰੇ ਹਾਦਸੇ ਤੋਂ ਬਾਅਦ ਪ੍ਰੋਵਿੰਸ਼ੀਅਲ ਪੁਲਿਸ ਮੌਕੇ ਉੱਤੇ ਪਹੁੰਚੀ। ਮੌਕੇ ਉੱਤੇ ਇੱਕ ਵਿਅਕਤੀ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਹ ਰਾਹਗੀਰ ਹਾਈਵੇਅ ਉੱਤੇ ਕਿਵੇਂ ਪਹੁੰਚਿਆ। ਇਹ ਵੀ ਪਤਾ ਨਹੀਂ ਲੱਗ ਸਕਿਆ ਹੈ ਕਿ ਹਾਦਸੇ ਦਾ ਕਾਰਨ ਕੀ ਸੀ।

ਕਈ ਘੰਟਿਆਂ ਲਈ ਡਨਲਪ ਤੇ ਐਸਾ ਰੋਡ ਦਰਮਿਆਨ ਦੱਖਣ ਵਾਲੀਆਂ ਲੇਨਜ਼ ਨੂੰ ਬੰਦ ਰੱਖਿਆ ਗਿਆ ਤੇ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਨ੍ਹਾਂ ਰੋਡਜ਼ ਨੂੰ ਸਵੇਰੇ 6:00 ਵਜੇ ਤੋਂ ਪਹਿਲਾਂ ਖੋਲ੍ਹਿਆ ਗਿਆ।

## ਓਲੀਵੀਆ ਚਾਓ ਚੁਣੀ ਗਈ ਟੋਰਾਂਟੋ ਦੀ ਨਵੀਂ ਮੇਅਰ



ਟੋਰਾਂਟੋ, 29 ਜੂਨ (ਪੋਸਟ ਬਿਊਰੋ) : ਬੀਤੇ ਦਿਨੀਂ ਸਾਬਕਾ ਸਿਟੀ ਕਾਊਂਸਲਰ ਤੇ ਐਮਪੀ ਓਲੀਵੀਆ ਚਾਓ ਟੋਰਾਂਟੋ ਦੀ ਅਗਲੀ ਮੇਅਰ ਚੁਣ ਲਈ ਗਈ ਹੈ। ਚਾਓ ਨੂੰ 37 ਫੀ ਸਦੀ ਵੋਟਾਂ ਹਾਸਲ ਹੋਈਆਂ।

ਇਸ ਨਾਲ ਟੋਰਾਂਟੋ ਸਿਟੀ ਹਾਲ ਵਿੱਚ 13 ਸਾਲਾਂ ਤੋਂ ਚੱਲਿਆ ਆ ਰਿਹਾ ਸੱਜੇ ਪੱਖੀ ਸ਼ਾਸਨ ਖ਼ਤਮ ਹੋ ਜਾਵੇਗਾ। ਸਿਟੀ ਦੀ ਅਗਵਾਈ ਕਰਨ ਵਾਲੀ ਉਹ ਪਹਿਲੀ ਘੱਟ ਗਿਣਤੀ ਮਹਿਲਾ ਹੋਵੇਗੀ। ਚੋਣਾਂ ਤੋਂ ਪਹਿਆਂ ਕਰਵਾਏ ਗਏ ਸਰਵੇਖਣਾਂ ਤੋਂ ਹੀ ਇਹ ਸਿੱਧ ਹੋ ਗਿਆ ਸੀ ਕਿ ਹਵਾ ਦਾ ਰੁਖ ਚਾਓ ਵੱਲ ਹੈ। 66 ਸਾਲਾ ਚਾਓ ਨੇ ਜਿਵੇਂ ਹੀ ਚੋਣ ਪਿੜ ਵਿੱਚ ਪੈਰ ਧਰਿਆ ਉਹ ਲੋਕਾਂ ਦੀ ਚਹੇਤੀ ਆਗੂ ਬਣ ਗਈ। ਹਾਲਾਂਕਿ ਆਖਰੀ ਹਫਤੇ ਆ ਕੇ ਐਨਾ ਬਾਇਲਾਓ ਤੇ ਚਾਓ ਦਰਮਿਆਨ ਫਰਕ ਕੁੱਝ ਘੱਟ ਗਿਆ ਪਰ ਚਾਓ ਦੀ ਚੜ੍ਹਤ ਨੂੰ ਬਹੁਤਾ ਫਰਕ ਨਹੀਂ ਪਿਆ।

2014 ਵਿੱਚ ਵੀ ਚਾਓ ਨੇ ਮੇਅਰ ਦੇ ਅਹੁਦੇ ਲਈ ਹੋਈਆਂ ਚੋਣਾਂ ਵਿੱਚ ਹਿੱਸਾ ਲਿਆ ਸੀ ਪਰ ਉਸ ਸਮੇਂ ਉਹ ਸਾਬਕਾ ਮੇਅਰ ਜੌਹਨ ਟੋਰੀ ਤੇ ਡੱਗ ਫੋਰਡ ਤੋਂ ਬਾਅਦ ਤੀਜੇ ਸਥਾਨ ਉੱਤੇ ਆਈ ਸੀ। ਸ਼ੁਰੂਆਤੀ ਨਤੀਜਿਆਂ ਵਿੱਚ ਡਿਪਟੀ ਮੇਅਰ ਐਨਾ ਬਾਇਲਾਓ ਅੱਗੇ ਚੱਲ ਰਹੀ ਸੀ ਪਰ ਫਿਰ ਹੌਲੀ ਹੌਲੀ ਵੋਟਾਂ ਦੀ ਗਿਣਤੀ ਚਾਓ ਦੇ ਹੱਕ ਵਿੱਚ ਵੱਧਦੀ ਗਈ ਤੇ ਉਨ੍ਹਾਂ ਨੂੰ 37 ਫੀ ਸਦੀ ਵੋਟਾਂ ਹਾਸਲ ਹੋਈਆਂ। ਟਵਿੱਟਰ ਉੱਤੇ ਬਾਇਲਾਓ ਨੇ ਚਾਓ ਨੂੰ ਵਧਾਈ ਦਿੱਤੀ। ਅੱਠ ਫੀ ਸਦੀ ਵੋਟਾਂ ਨਾਲ ਸਾਬਕਾ ਪੁਲਿਸ ਚੀਫ ਮਾਰਕ ਸਾਂਡਰਸ ਤੀਜੇ ਸਥਾਨ ਉੱਤੇ ਰਹੇ। ਐਂਥਨੀ ਫੁਰੇ ਤੇ ਜੋਸ਼ ਮੈਟਲੋ ਪਹਿਲੇ ਪੰਜਾਂ ਵਿੱਚ ਰਹੇ।

ਇਸ ਦੌਰਾਨ ਪ੍ਰੀਮੀਅਰ ਡੱਗ ਫੋਰਡ ਨੇ ਟਵੀਟ ਕਰਕੇ ਚਾਓ ਨੂੰ ਵਧਾਈ ਦਿੰਦਿਆਂ ਆਖਿਆ ਕਿ ਭਾਵੇਂ ਅਸੀਂ ਹਰ ਗੱਲ ਉੱਤੇ ਸਹਿਮਤ ਨਹੀਂ ਹੋਵਾਂਗੇ ਪਰ ਟੋਰਾਂਟੋ ਨੂੰ ਬਿਹਤਰ ਥਾਂ ਬਣਾਉਣ ਲਈ ਅਸੀਂ ਸਾਂਝੇ ਤੌਰ ਉੱਤੇ ਕੋਸ਼ਿਸ਼ ਕਰਾਂਗੇ। ਅਜਿਹਾ ਇਸ ਲਈ ਵੀ ਜ਼ਰੂਰੀ ਹੈ ਤਾਂ ਕਿ ਕਾਰੋਬਾਰ, ਪਰਿਵਾਰ ਤੇ ਵਰਕਰਜ਼ ਵਧ ਫੁੱਲ ਸਕਣ।

## ਡਾਇਬਟੀਜ਼ ਪ੍ਰਤੀ ਜਾਗਰੁਕਤਾ ਲਈ ਕੈਨੇਡਾ ਤੇ ਅਮਰੀਕਾ ਵਿੱਚ ਰਾਈਡ ਕਰੇਗਾ ਸਿੱਖ ਮੋਟਰਸਾਈਕਲ ਕਲੱਬ ਆਫ ਓਨਟਾਰੀਓ

...ਪੰਨਾ 1 ਦਾ ਬਾਕੀ

ਇਸ ਰਾਈਡ ਦਾ ਮੁੱਖ ਮੰਤਵ ਡਾਇਬਟੀਜ਼ ਨਾਲ ਲੜ ਰਹੇ ਬੱਚਿਆਂ ਦੇ ਇਲਾਜ ਲਈ ਫੰਡ ਇੱਕਠਾ ਕਰਨਾ ਹੈ। ਇਸ ਸਫਰ ਦੌਰਾਨ ਇੱਕਠੀ ਕੀਤੀ ਗਈ ਡੋਨੇਸ਼ਨ ਡਾਇਬਟੀਜ਼ ਕੈਨੇਡਾ ਨੂੰ ਭੇਜ ਦਿੱਤੀ ਜਾਵੇਗੀ ਤੇ ਇਸ ਉੱਤੇ ਕੋਈ ਟੈਕਸ ਨਹੀਂ ਲੱਗੇਗਾ।

ਇਸ ਰਾਈਡ ਤੋਂ ਬਿਨਾਂ ਸਿੱਖ ਮੋਟਰਸਾਈਕਲ ਕਲੱਬ ਦੇ ਹੀ ਹੋਰਨਾਂ ਮੈਂਬਰਾਂ ਵੱਲੋਂ 30 ਜੁਲਾਈ, ਦਿਨ ਐਤਵਾਰ ਨੂੰ ਲੋਕਲ ਰਾਈਡ ਦਾ ਆਯੋਜਨ ਕੀਤਾ ਜਾਵੇਗਾ। ਇਹ ਨੈਸ਼ਨਲ ਰਾਈਡ ਫੌਰ ਕਾਜ਼ ਇਨੀਸ਼ੀਏਟਿਵ ਦਾ ਹਿੱਸਾ ਹੋਵੇਗੀ। ਇਹ ਇਸ ਰਾਈਡ ਦਾ 7ਵਾਂ ਸਾਲ ਹੈ। ਹੁਣ ਤੱਕ ਵੱਖ ਵੱਖ ਨੈਸ਼ਨਲ ਤੇ ਲੋਕਲ ਕਾਰਨਾਂ ਲਈ ਕੈਨੇਡਾ ਭਰ ਵਿੱਚ ਸਿੱਖ ਮੋਟਰਸਾਈਕਲ ਕਲੱਬ ਦੇ ਮੈਂਬਰ 1,062,000 ਡਾਲਰ ਇੱਕਠੇ ਕਰ ਚੁੱਕੇ ਹਨ। ਇਸ ਤੋਂ ਇਲਾਵਾ ਇਸ ਕਲੱਬ ਦੇ ਮੈਂਬਰਾਂ ਵੱਲੋਂ ਬ੍ਰਿਟਿਸ਼ ਕੋਲੰਬੀਆ ਵਿੱਚ ਆਏ ਹੜ੍ਹਾਂ ਵੇਲੇ ਪ੍ਰਭਾਵਿਤ ਲੋਕਾਂ ਤੱਕ ਵੱਡੀ ਰਾਹਤ ਵੀ ਪਹੁੰਚਾਈ ਗਈ ਸੀ।

ਸਿੱਖ ਮੋਟਰਸਾਈਕਲ ਕਲੱਬ ਆਫ ਓਨਟਾਰੀਓ ਵੱਲੋਂ ਹਰ ਖੇਤਰ ਨਾਲ ਜੁੜੇ ਲੋਕਾਂ ਨੂੰ ਇਸ ਨੇਕ ਕਾਰਨ ਲਈ ਆਪਣੇ ਨਾਲ ਜੁੜਨ ਦਾ ਸੱਦਾ ਦਿੱਤਾ ਜਾਂਦਾ ਹੈ। ਇਸ ਰਾਈਡ ਵਿੱਚ ਹਿੱਸਾ ਲੈਣ ਵਾਲੇ ਕਿਸੇ ਖਾਸ ਹਿੱਸੇ ਲਈ ਇਸ ਜਰਨੀ ਵਿੱਚ ਜੁੜ ਸਕਦੇ ਹਨ ਜਾਂ ਸਾਰੀ ਜਰਨੀ ਦਰਾਨ ਨਾਲ ਰਹਿ ਸਕਦੇ ਹਨ। ਕਲੱਬ ਵੱਲੋਂ ਲੋਕਾਂ ਨੂੰ ਤੇ ਆਰਗੇਨਾਈਜ਼ੇਸ਼ਨਜ਼ ਨੂੰ ਇਸ ਨੇਕ ਕੰਮ ਲਈ ਵੱਧ ਤੋਂ ਵੱਧ ਵਿੱਤੀ ਯੋਗਦਾਨ ਪਾਉਣ ਦਾ ਹੋਕਾ ਵੀ ਦਿੱਤਾ ਜਾ ਰਿਹਾ ਹੈ। ਕਲੱਬ ਦਾ ਕਹਿਣਾ ਹੈ ਕਿ ਇਸ ਦੌਰਾਨ ਦਿੱਤੀ ਜਾਣ ਵਾਲੀ ਮਾਮੂਲੀ ਤੋਂ ਮਾਮੂਲੀ ਡੋਨੇਸ਼ਨ ਵੀ ਡਾਇਬਟੀਜ਼ ਨਾਲ ਜੂਝ ਰਹੇ ਬੱਚਿਆਂ ਦੀਆਂ ਜ਼ਿੰਦਗੀਆਂ ਉੱਤੇ

## 'ਕੈਨੇਡਾ ਡੇਅ' 'ਤੇ ਬੋਨੀ ਬ੍ਰੇਸ ਪਾਰਕ ਸੀਨੀਅਰਜ਼ ਕਲੱਬ ਕਰਵਾਏਗਾ ਸਮਾਰੋਹ

ਬੋਨੀ ਬ੍ਰੇਸ ਪਾਰਕ ਸੀਨੀਅਰਜ਼ ਕਲੱਬ ਦੇ ਪ੍ਰਧਾਨ ਅਤੇ ਸਮੂਹ ਮੈਂਬਰਾਂ ਵੱਲੋਂ ਆਉਣ ਵਾਲੀ 2 ਜੁਲਾਈ, ਦਿਨ ਐਤਵਾਰ ਨੂੰ ਸ਼ਾਮ 4 ਵਜੇ ਬੋਨੀ ਬ੍ਰੇਸ ਪਾਰਕ ਵਿੱਚ 'ਕੈਨੇਡਾ ਡੇਅ' ਸਮਾਰੋਹ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜੋ ਬੋਨੀ ਬ੍ਰੇਸ ਅਤੇ ਲੋਇਡ ਸੈਂਡਰਸਨ ਡਾ. ਬਰੈਂਪਟਨ ਦੇ ਇੰਟਰਸੈਕਸ਼ਨ 'ਤੇ ਸਥਿਤ ਹੈ। ਕਲੱਬ ਵਲੋਂ ਆਪ ਸਭ ਨੂੰ ਇਸ ਸ਼ੁਭ ਦਿਹਾੜੇ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

## ਲਿਬਰਲ ਸਰਕਾਰ ਦੇ ਆਨਲਾਈਨ ਨਿਊਜ਼ ਐਕਟ ਕਰਕੇ ਕੈਨੇਡੀਅਨ ਖਬਰਾਂ ਹਟਾਉਣ ਉੱਤੇ ਅੜਿਆ ਗੂਗਲ

...ਪੰਨਾ 1 ਦਾ ਬਾਕੀ

ਜ਼ਿਕਰਯੋਗ ਹੈ ਕਿ ਇਸ ਨਵੇਂ ਕਾਨੂੰਨ ਸਬੰਧੀ ਬਿੱਲ ਪਿਛਲੇ ਹਫਤੇ ਪਾਸ ਹੋਇਆ ਸੀ ਤੇ ਇਹ ਇਸ ਸਾਲ ਦੇ ਅੰਤ ਤੱਕ ਪ੍ਰਭਾਵੀ ਹੋ ਜਾਵੇਗਾ। ਵਾਕਰ ਨੇ ਦੱਸਿਆ ਕਿ ਗੂਗਲ ਦੇ ਫੈਸਲੇ ਬਾਰੇ ਉਨ੍ਹਾਂ ਵੱਲੋਂ ਕੈਨੇਡੀਅਨ ਹੈਰੀਟੇਜ ਮੰਤਰੀ ਪਾਬਲੋ ਰੌਡਰਿਗਜ਼ ਨੂੰ ਪੱਤਰ ਭੇਜ ਦਿੱਤਾ ਗਿਆ ਹੈ।

ਇਸ ਦੌਰਾਨ ਕੈਨੇਡੀਅਨ ਹੈਰੀਟੇਜ ਮੰਤਰੀ ਪਾਬਲੋ ਰੌਡਰਿਗਜ਼ ਨੇ ਆਖਿਆ ਕਿ ਗੂਗਲ ਦੇ ਇਸ ਐਲਾਨ ਤੋਂ ਉਹ ਕਾਫੀ ਹੈਰਾਨ ਹਨ। ਉਨ੍ਹਾਂ ਵੀਰਵਾਰ ਦੁਪਹਿਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਮੈਟਾ ਨਾਲ ਮਾਮਲਾ ਗੁੰਝਲਦਾਰ ਰਿਹਾ ਹੈ ਪਰ ਗੂਗਲ ਦੇ ਅਧਿਕਾਰੀਆਂ ਨਾਲ ਤਾਂ ਉਨ੍ਹਾਂ ਦੀ ਵੀਰਵਾਰ ਸਵੇਰ ਤੱਕ ਗੱਲ ਹੁੰਦੀ ਰਹੀ ਹੈ। ਇਸ ਲਈ ਗੂਗਲ ਦੀ ਇਸ ਪ੍ਰਤੀਕਿਰਿਆ ਤੋਂ ਉਹ ਕਾਫੀ ਹੈਰਾਨ ਹਨ। ਉਨ੍ਹਾਂ ਆਖਿਆ ਕਿ ਅਜੇ ਤਾਂ ਕਾਨੂੰਨ ਪ੍ਰਭਾਵੀ ਵੀ ਨਹੀਂ ਹੋਇਆ ਤੇ ਕੰਪਨੀ ਨਾਲ ਗੱਲਬਾਤ ਚੱਲਦੀ ਹੋਣ ਕਰਕੇ ਉਨ੍ਹਾਂ ਨੂੰ ਆਸ ਹੈ ਕਿ ਕਿਸੇ ਨਾ ਕਿਸੇ ਸਾਂਝੇ ਹੱਲ ਉੱਤੇ ਪਹੁੰਚਿਆ ਜਾ ਸਕਦਾ ਹੈ।

## ਯੂਨੀਵਰਸਿਟੀ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ 24 ਸਾਲਾ ਵਿਅਕਤੀ ਨੂੰ ਕੀਤਾ ਗਿਆ ਚਾਰਜ

...ਪੰਨਾ 1 ਦਾ ਬਾਕੀ

ਯੂਨੀਵਰਸਿਟੀ ਵਿੱਚ ਪੜ੍ਹ ਰਹੇ ਇੰਟਰਨੈਸ਼ਨਲ ਸਟੂਡੈਂਟ ਜੀਓਵੈਨੀ ਵਿੱਲਾਲਬਾ-ਅਲੇਮਾ ਉੱਤੇ ਗੁੱਸੇ ਵਿੱਚ ਹਮਲਾ ਕਰਨ ਦੇ ਤਿੰਨ ਚਾਰਜਿਜ਼, ਹਥਿਆਰ ਨਾਲ ਹਮਲਾ ਕਰਨ ਦੇ ਚਾਰ ਚਾਰਜਿਜ਼, ਖਤਰਨਾਕ ਇਰਾਦੇ ਨਾਲ ਹਥਿਆਰ ਰੱਖਣ ਦੇ ਦੋ ਚਾਰਜਿਜ਼ ਲਾਏ ਗਏ ਹਨ ਅਤੇ 5000 ਡਾਲਰ ਤੋਂ ਘੱਟ ਦੀ ਸ਼ਰਾਰਤ ਕਰਨ ਲਈ ਇੱਕ ਚਾਰਜ ਲਾਇਆ ਗਿਆ ਹੈ। ਵਾਟਰਲੂ ਰੀਜਨਲ ਪੁਲਿਸ ਨੇ ਦੱਸਿਆ ਕਿ ਵੀਰਵਾਰ ਨੂੰ ਦੁਪਹਿਰ ਦੇ 3:30 ਵਜੇ ਦੇ ਨੇੜੇ ਤੇੜੇ ਯੂਨੀਵਰਸਿਟੀ ਦੇ ਹੈਗੇ ਹਾਲ ਵਿੱਚ ਇੱਕ ਕਲਾਸਰੂਮ ਦੇ ਅੰਦਰ 38 ਸਾਲਾ ਮਹਿਲਾ ਪ੍ਰੋਫੈਸਰ, 20 ਸਾਲਾ ਲੜਕੀ ਤੇ 19 ਸਾਲਾ ਲੜਕੇ ਨੂੰ ਇਸ ਸ਼ਖਸ ਵੱਲੋਂ ਚਾਕੂ ਮਾਰਿਆ ਗਿਆ। ਦੋਵਾਂ ਵਿਦਿਆਰਥੀਆਂ ਨੂੰ ਕਲਾਸ ਦੇ ਅੰਦਰ ਚਾਕੂ ਮਾਰਿਆ ਗਿਆ। ਪੁਲਿਸ ਨੇ ਦੱਸਿਆ ਕਿ ਜਿਸ ਸਮੇਂ ਛੁਰੇਬਾਜ਼ੀ ਦੀ ਇਹ ਘਟਨਾ ਵਾਪਰੀ ਕਲਾਸ ਵਿੱਚ 40 ਦੇ ਨੇੜੇ ਤੇੜੇ ਵਿਦਿਆਰਥੀ ਮੌਜੂਦ ਸਨ।

ਪੁਲਿਸ ਨੇ ਦੱਸਿਆ ਕਿ ਤਿੰਨੇ ਬਹੁਤੇ ਜ਼ਖ਼ਮੀ ਨਹੀਂ ਹੋਏ। ਉਨ੍ਹਾਂ ਆਖਿਆ ਕਿ ਇਹ ਮਾਮਲਾ ਨਫਰਤ ਦੇ ਆਧਾਰ ਉੱਤੇ ਕੀਤਾ ਗਿਆ। ਪੁਲਿਸ ਚੀਫ ਮਾਰਕ ਕ੍ਰੋਵੈਲ ਨੇ ਦੱਸਿਆ ਕਿ ਮਸ਼ਕੂਕ ਕਲਾਸ ਦਾ ਮੈਂਬਰ ਨਹੀਂ ਸੀ ਪਰ ਉਸ ਨੇ ਬਿਨਾਂ ਕਿਸੇ ਉਕਸਾਹਟ ਦੇ ਦੋ ਵੱਡੇ ਚਾਕੂਆਂ ਨਾਲ ਪ੍ਰੋਫੈਸਰ ਉੱਤੇ ਹਮਲਾ ਕਰ ਦਿੱਤਾ। ਪੁਲਿਸ ਨੇ ਦੱਸਿਆ ਕਿ ਕੁੱਝ ਵਿਦਿਆਰਥੀਆਂ ਨੇ ਕੁਰਸੀਆਂ ਆਦਿ ਸੁੱਟ ਕੇ ਇਸ ਹਮਲੇ ਨੂੰ ਰੋਕਣ ਦੀ ਕੋਸ਼ਿਸ਼ ਵੀ ਕੀਤੀ। ਪਰ ਉਸ ਨੂੰ ਜਲਦ ਹੀ ਗ੍ਰਿਫਤਾਰ ਕਰ ਲਿਆ ਗਿਆ।

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀ ਇੰਸਟਰਕਟਰ
647-998-7500 ਬਲਵਿੰਦਰ

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre Lic#10584
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਟਰੂਡੋ ਨੇ ਉੱਤਰੀ ਯੂਰਪ ਦੇ ਆਗੂਆਂ ਨਾਲ ਆਈਸਲੈਂਡ ਵਿੱਚ ਕੀਤੀ ਮੁਲਾਕਾਤ




ਵੈਸਟਮੈਨੇਯਜ਼ਾਰ, ਆਈਸਲੈਂਡ, 29 ਜੂਨ (ਪੋਸਟ ਬਿਊਰੋ) : ਬੀਤੇ ਦਿਨੀਂ ਯੂਕਰੇਨ ਤੇ ਰੂਸ ਦਰਮਿਆਨ ਜਾਰੀ ਜੰਗ ਦੇ ਮੱਦੇਨਜ਼ਰ ਸਵੀਡਨ ਵੱਲੋਂ ਨਾਟੋ ਮਿਲਟਰੀ ਗੱਠਜੋੜ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਦੇ ਚੱਲਦਿਆਂ ਆਈਸਲੈਂਡ ਵਿੱਚ ਉੱਤਰੀ ਯੂਰਪ ਦੇ ਆਗੂਆਂ ਵੱਲੋਂ ਮੁਲਾਕਾਤ ਕੀਤੀ ਗਈ। ਇਸ ਮੌਕੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੀ ਹਾਜ਼ਰ ਸਨ।

ਟਰੂਡੋ ਵੱਲੋਂ ਨਿਜੀ ਤੌਰ ਉੱਤੇ ਸਵੀਡਨ ਦੇ ਪ੍ਰਧਾਨ ਮੰਤਰੀ ਉਲਫ ਕ੍ਰਿਸਟਰਸਨ ਨਾਲ ਮੁਲਾਕਾਤ ਕੀਤੀ ਜਾਣੀ ਹੈ। ਉੱਤਰੀ ਯੂਰਪ ਦੇ ਇਨ੍ਹਾਂ ਆਗੂਆਂ ਦੀ ਇਸ ਸਾਲਾਨਾ ਸਿਖਰ ਵਾਰਤਾ ਦੌਰਾਨ ਕੈਨੇਡਾ ਦੇ ਆਗੂ ਨੂੰ ਮਹਿਮਾਨ ਵਜੋਂ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਸੀ। ਕ੍ਰਿਸਟਰਸਨ ਨਾਲ ਮੁਲਾਕਾਤ ਤੋਂ ਇਲਾਵਾ ਟਰੂਡੋ ਵੱਲੋਂ ਨੌਰਵੇਅ ਦੇ ਪ੍ਰਧਾਨ ਮੰਤਰੀ ਜੋਨਸ ਗਾਹਰ ਸਟੋਰ ਨਾਲ ਵੀ ਕੁੱਝ ਸਮਾਂ ਬਿਤਾਇਆ ਗਿਆ।

ਟਰੂਡੋ ਨੇ ਆਖਿਆ ਕਿ ਭਾਵੇਂ ਕਲਾਈਮੇਟ ਚੇਂਜ ਨਾਲ ਸਿੱਝਣ ਦਾ ਮਾਮਲਾ ਹੋਵੇ ਜਾਂ ਮੂਲਵਾਸੀਆਂ ਦੇ ਮੁੱਦੇ ਸੁਲਝਾਉਣ ਦੀ ਗੱਲ ਹੋਵੇ, ਦੋਵਾਂ ਦੇਸ਼ਾਂ ਵਿੱਚ ਕਾਫੀ ਸਮਾਨਤਾਵਾਂ ਹਨ। ਸਟੋਰ ਨੇ ਆਖਿਆ ਕਿ ਸਿਆਸੀ ਸੋਚ ਦਾ ਮੇਲ ਖਾਣਾ ਇਸ ਸਮੇਂ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਸਮੇਂ ਯੂਰਪ ਵਿੱਚ ਜੰਗ ਵਾਲਾ ਮਾਹੌਲ ਬਣਿਆ ਹੋਇਆ ਹੈ। ਟਰੂਡੋ ਨਾਲ ਗੱਲਬਾਤ ਦੌਰਾਨ ਸਟੋਰ ਨੇ ਆਖਿਆ ਕਿ ਇਹ ਦੋ ਰੋਜ਼ਾ ਸਿਖਰ ਵਾਰਤਾ ਜੁਲਾਈ ਦੇ ਮੱਧ ਵਿੱਚ ਲਿਥੁਆਨੀਆ ਵਿੱਚ ਹੋਣ ਵਾਲੀ ਨਾਟੋ ਆਗੂਆਂ ਦੀ ਸਾਲਾਨਾ ਸਿਖਰ ਵਾਰਤਾ ਤੋਂ ਪਹਿਲਾਂ ਹੋਈ ਹੈ। ਉਨ੍ਹਾਂ ਇਹ ਵੀ ਆਖਿਆ ਕਿ ਜੁਲਾਈ ਵਾਲੀ ਵਾਰਤਾ ਇਤਿਹਾਸਕ ਰਹਿਣ ਵਾਲੀ ਹੈ।

ਉੱਤਰੀ ਯੂਰਪ ਦੇ ਇਹ ਦੇਸ਼ ਯੂਕਰੇਨ ਦੀ ਪਿੱਠ ਉੱਤੇ ਹਨ। ਇਨ੍ਹਾਂ ਦੇਸ਼ਾਂ ਵਿੱਚ ਵੀ ਰੂਸ ਵੱਲੋਂ ਧਾਵਾ ਬੋਲੇ ਜਾਣ ਦਾ ਖਤਰਾ ਹੈ। 16 ਮਹੀਨਿਆਂ ਤੋਂ ਜਾਰੀ ਇਸ ਜੰਗ ਕਾਰਨ ਸਵੀਡਨ ਤੇ ਫਿਨਲੈਂਡ ਨੂੰ ਵੀ ਨਿਰਪੱਖ ਰਹਿਣ ਦੀਆਂ ਆਪਣੀਆਂ ਦਹਾਕਿਆਂ ਪੁਰਾਣੀਆਂ ਨੀਤੀਆਂ ਨੂੰ ਛੱਡਦਿਆਂ ਹੋਇਆਂ ਨਾਟੋ ਵਿੱਚ ਸ਼ਾਮਲ ਹੋਣ ਲਈ ਅਪਲਾਈ ਕਰਨਾ ਪਿਆ ਹੈ। ਦੋਵਾਂ ਦੇਸ਼ਾਂ ਦੇ ਇਸ ਫੈਸਲੇ ਦੀ ਹਮਾਇਤ ਸੱਭ ਤੋਂ ਪਹਿਲਾਂ ਕੈਨੇਡਾ ਵੱਲੋਂ ਕੀਤੀ ਗਈ। ਫਿਨਲੈਂਡ ਨੂੰ ਅਪਰੈਲ ਵਿੱਚ ਸ਼ਾਮਲ ਕਰ ਲਿਆ ਗਿਆ। ਪਰ ਤੁਰਕੀ ਤੇ ਹੰਗਰੀ ਨੇ ਸਵੀਡਨ ਨੂੰ ਮਨਜ਼ੂਰੀ ਦੇਣ ਦੇ ਰਾਹ ਵਿੱਚ ਅੜਿੱਕਾ ਡਾਹ ਦਿੱਤਾ। ਇਸ ਦੌਰਾਨ ਟਰੂਡੋ ਵੱਲੋਂ ਡੈਨਮਾਰਕ, ਆਈਸਲੈਂਡ ਤੇ ਫਿਨਲੈਂਡ ਦੇ ਪ੍ਰਧਾਨ ਮੰਤਰੀਆਂ ਨਾਲ ਵੀ ਮੁਲਾਕਾਤ ਕੀਤੀ ਗਈ।










# ਬਰੈਂਪਟਨ ਤੇ ਪੀਲ ਰੀਜਨ ਵੱਲੋਂ ਲਿੰਗ ਦੇ ਆਧਾਰ ਉੱਤੇ ਹੋਣ ਵਾਲੀ ਹਿੰਸਾ ਨੂੰ ਐਲਾਨਿਆ ਗਿਆ ਮਹਾਂਮਾਰੀ



ਬਰੈਂਪਟਨ, 29 ਜੂਨ (ਪੋਸਟ ਬਿਊਰੋ) : ਸਿਟੀ ਆਫ ਬਰੈਂਪਟਨ ਤੇ ਰੀਜਨ ਆਫ ਪੀਲ ਵੱਲੋਂ ਲਿੰਗ ਦੇ ਆਧਾਰ ਉੱਤੇ ਹੋਣ ਵਾਲੀ ਹਿੰਸਾ ਤੇ ਆਪਣੇ ਪਾਰਟਨਰ ਵੱਲੋਂ ਕੀਤੀ ਜਾਣ ਵਾਲੀ ਹਿੰਸਾ ਨੂੰ ਮਹਾਂਮਾਰੀ ਦਾ ਦਰਜਾ ਦਿੱਤਾ ਗਿਆ ਹੈ।

21 ਜੂਨ ਨੂੰ ਇਸ ਸਬੰਧ ਵਿੱਚ ਬਰੈਂਪਟਨ ਕਮੇਟੀ ਆਫ ਕਾਊਂਸਲ ਵਿੱਚ ਕਾਊਂਸਲਰ ਨਵਜੀਤ ਕੌਰ ਬਰਾੜ ਤੇ ਕਾਊਂਸਲਰ ਰੋਵੇਨਾ ਸੈਂਟੋਸ ਵੱਲੋਂ ਇੱਕ ਮਤਾ ਪੇਸ਼ ਕੀਤਾ ਗਿਆ। ਕਾਊਂਸਲ ਵੱਲੋਂ ਇਸ ਮਤੇ ਦੇ ਸਬੰਧ ਵਿੱਚ ਸਰਬਸੰਮਤੀ ਨਾਲ ਸਹਿਮਤੀ ਦੀ ਮੋਹਰ ਲਾਈ ਗਈ ਤੇ ਮੰਨਿਆ ਗਿਆ ਕਿ ਇਹ ਸਮੱਸਿਆ ਮਹਾਂਮਾਰੀ ਨਾਲੋਂ ਘੱਟ ਨਹੀਂ ਹੈ ਤੇ ਸਰਕਾਰ ਦੇ ਸਾਰੇ ਪੱਧਰਾਂ ਉੱਤੇ ਇਸ ਦਾ ਹੱਲ ਲੱਭਿਆ ਜਾਣਾ ਚਾਹੀਦਾ ਹੈ। ਰੀਜਨ ਆਫ ਪੀਲ ਕਾਊਂਸਲ ਵੱਲੋਂ 22 ਜੂਨ ਨੂੰ ਇਸ ਤਰ੍ਹਾਂ ਦਾ ਮਤਾ ਪਾਸ ਕੀਤਾ ਗਿਆ। ਕਾਊਂਸਲਰ ਸੈਂਟੋਸ ਲਿੰਗ ਦੇ ਆਧਾਰ ਉੱਤੇ ਹੋਣ ਵਾਲੀ ਹਿੰਸਾ ਨਾਲ ਸਿੱਝਣ ਲਈ ਹਮੇਸ਼ਾਂ ਤਿਆਰ ਰਹਿਣ ਵਾਲੇ ਆਗੂਆਂ ਵਿੱਚੋਂ ਹੈ ਤੇ ਉਨ੍ਹਾਂ ਦਾ ਕਹਿਣਾ ਹੈ ਕਿ ਇਸ ਨੂੰ ਮਹਾਂਮਾਰੀ ਦਾ ਦਰਜਾ ਦਿੱਤਾ ਜਾਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਆਖਿਆ ਕਿ ਇਸ ਨਾਲ ਪਹਿਲ ਦੇ ਆਧਾਰ ਉੱਤੇ ਪ੍ਰੋਵਿੰਸ਼ੀਅਲ ਤੇ ਫੈਡਰਲ ਸਰਕਾਰਾਂ ਦਾ ਧਿਆਨ ਇਸ ਮੁੱਦੇ ਵੱਲ ਜਾਵੇਗਾ ਤੇ ਇਸ ਸਮੱਸਿਆ ਦਾ ਜਲਦ ਤੋਂ ਜਲਦ ਹੱਲ ਕੱਢਣ ਦੀ ਕਵਾਇਦ ਸ਼ੁਰੂ ਹੋ ਸਕੇਗੀ।

ਇਸ ਸਮੱਸਿਆ ਨੂੰ ਮਹਾਂਮਾਰੀ ਦਾ ਦਰਜਾ ਦੇ ਕੇ ਬਰੈਂਪਟਨ ਤੇ ਪੀਲ ਰੀਜਨ ਵੱਲੋਂ ਸੇਫ ਸੈਂਟ ਪੀਲ, ਪੀਸੀਏਡਬਲਿਊਏ, ਐਂਬਰੇਵ, ਆਰਮਾਗ ਹਾਊਸ, ਜੌਂਟਾ ਹਾਊਸ, ਹੋਪ 24/7, ਕਿਊਪਿਡਜ਼ ਸਟਿੰਗ ਤੇ ਵੂਮਨ ਐਂਡ ਚਿਲਡਰਨ ਪ੍ਰੈਸ਼ੀਅਸ ਸੈਂਟਰ ਵਰਗੀਆਂ ਸੰਸਥਾਵਾਂ ਲਈ ਵਾਧੂ ਫੰਡਿੰਗ ਦੀ ਮੰਗ ਕੀਤੀ ਜਾ ਰਹੀ ਹੈ। ਹਿੰਸਕ ਸਬੰਧਾਂ ਤੋਂ ਬਚਣ ਲਈ ਇਨ੍ਹਾਂ ਸੰਸਥਾਵਾਂ ਤੇ ਏਜੰਸੀਆਂ ਦੀ ਪਨਾਹ ਲੈਣ ਵਾਲਿਆਂ ਦੀ ਇਨ੍ਹਾਂ ਸੰਸਥਾਵਾਂ ਵੱਲੋਂ ਕਾਫੀ ਮਦਦ ਕੀਤੀ ਜਾਂਦੀ ਹੈ ਤੇ ਉਨ੍ਹਾਂ ਨੂੰ ਸੇਫ ਥਾਂ ਵੀ ਮੁਹੱਈਆ ਕਰਵਾਈ ਜਾਂਦੀ ਹੈ।

# ਮਾਂ ਦਾ ਕਤਲ ਕਰਨ ਵਾਲੇ 34 ਸਾਲਾ ਵਿਅਕਤੀ ਨੂੰ ਪੁਲਿਸ ਨੇ ਕੀਤਾ ਚਾਰਜ




ਹੈਮਿਲਟਨ, 29 ਜੂਨ (ਪੋਸਟ ਬਿਊਰੋ) : ਆਪਣੀ 62 ਸਾਲਾ ਮਾਂ ਦਾ ਕਤਲ ਕਰਨ ਦੇ ਸਬੰਧ ਵਿੱਚ ਹੈਮਿਲਟਨ ਪੁਲਿਸ ਵੱਲੋਂ ਇੱਕ 34 ਸਾਲਾ ਵਿਅਕਤੀ ਨੂੰ ਫਰਸਟ ਡਿਗਰੀ ਮਰਡਰ ਲਈ ਚਾਰਜ ਕੀਤਾ ਗਿਆ ਹੈ।

ਸੋਮਵਾਰ ਨੂੰ ਸ਼ਾਮੀਂ 5:00 ਵਜੇ ਹਾਈਵੇਅ 403 ਨੇੜੇ ਹਰਕਿਮਰ ਸਟਰੀਟ ਉੱਤੇ ਸਥਿਤ ਇੱਕ ਰਿਹਾਇਸ਼ੀ ਬਿਲਡਿੰਗ ਤੋਂ ਗੜਬੜੀ ਦੀਆਂ ਰਿਪੋਰਟਾਂ ਦੇ ਕੇ ਪੁਲਿਸ ਨੂੰ ਸੱਦਿਆ ਗਿਆ। ਮੌਕੇ ਉੱਤੇ ਪੁਲਿਸ ਅਧਿਕਾਰੀਆਂ ਨੂੰ ਇੱਕ ਮਹਿਲਾ ਬਿਨਾਂ ਸਾਹ ਸਤ ਦੇ ਮਿਲੀ ਤੇ ਉਸ ਨੂੰ ਫੌਰਨ ਹਸਪਤਾਲ ਲਿਜਾਇਆ ਗਿਆ। ਹਸਪਤਾਲ ਵਿੱਚ ਮਹਿਲਾ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਪੁਲਿਸ ਨੇ ਮ੍ਰਿਤਕ ਮਹਿਲਾ ਦੀ ਪਛਾਣ ਜੈਕਲੀਨ (ਜੈਕੀ) ਬਕਲ ਵਜੋਂ ਕੀਤੀ ਹੈ। ਪੁਲਿਸ ਵੱਲੋਂ ਇਸ ਮਹਿਲਾ ਦੇ ਲੜਕੇ ਡੈਰਿਲ ਬਕਲ ਨੂੰ ਫਰਸਟ ਡਿਗਰੀ ਮਰਡਰ ਲਈ ਗ੍ਰਿਫਤਾਰ ਕਰ ਲਿਆ ਗਿਆ ਹੈ। ਉਸ ਨੂੰ ਮੰਗਲਵਾਰ ਸਵੇਰੇ ਅਦਾਲਤ ਸਾਹਮਣੇ ਪੇਸ਼ ਕੀਤਾ ਗਿਆ। ਜਾਂਚਕਾਰਾਂ ਨੇ ਆਖਿਆ ਕਿ ਉਹ ਕਿਸੇ ਹੋਰ ਮਸ਼ਕੂਕ ਦੀ ਭਾਲ ਨਹੀਂ ਕਰ ਰਹੇ। ਅਜੇ ਤੱਕ ਮੌਤ ਦੇ ਕਾਰਨਾਂ ਦਾ ਪਤਾ ਨਹੀਂ ਲਾਇਆ ਜਾ ਸਕਿਆ ਹੈ।

ਪਰਿਵਾਰ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਜੈਕੀ ਸਿਟੀ ਆਫ ਹੈਮਿਲਟਨ ਵਿੱਚ ਪਿਛਲੇ 35 ਸਾਲਾਂ ਤੋਂ ਕੰਮ ਕਰਨ ਤੋਂ ਬਾਅਦ ਰਿਟਾਇਰ ਹੋ ਚੁੱਕੀ ਸੀ। ਪਤਨੀ, ਮਾਂ ਤੇ ਗ੍ਰੈਂਡਮਦਰ ਵਜੋਂ ਪਰਿਵਾਰ ਵਿੱਚ ਉਸ ਨੂੰ ਕਾਫੀ ਪਿਆਰ ਕੀਤਾ ਜਾਂਦਾ ਸੀ ਤੇ ਪਸੰਦ ਕੀਤਾ ਜਾਂਦਾ ਸੀ। ਉਸ ਦੇ ਦੋਸਤਾਂ ਤੇ ਸਹਿ ਵਰਕਰਜ਼ ਵੱਲੋਂ ਉਸ ਦੀ ਕਮੀ ਮਹਿਸੂਸ ਕੀਤੀ ਜਾ ਰਹੀ ਹੈ। ਇਲਾਕੇ ਵਿੱਚ ਵੱਡੀ ਗਿਣਤੀ ਵਿੱਚ ਪੁਲਿਸ ਮੌਜੂਦ ਸੀ।









ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਜੱਟ ਸਿੱਖ ਸੰਧੂ ਲੜਕਾ, ਉਮਰ 33 ਸਾਲ, ਕੱਦ 5 ਫੁਟ, 11 ਇੰਚ, 12ਵੀਂ ਪਾਸ, ਵਰਕ ਪਰਮਿਟ ਦੋ ਸਾਲ, ਬ੍ਰੈਂਪਟਨ, ਪਿਤਾ ਵੀ ਇੱਥੇ, ਮਾਤਾ ਵੀ ਆ ਰਹੀ ਹੈ। ਇਕਲੌਤਾ ਲੜਕਾ, ਚੰਗੀ ਜਾਇਦਾਦ, ਨਸ਼ਿਆਂ ਤੋਂ ਬਿਲਕੁਲ ਰਹਿਤ, ਭੂਆਂ ਕੋਲ ਰਹਿੰਦਾ ਹੈ, ਲਈ ਯੋਗ ਲੜਕੀ ਸਿਟੀਜ਼ਨ, ਪੀ.ਆਰ. ਹੋਵੇ। ਹੋਣ ਜਾਣਕਾਰੀ ਲਈ ਸੰਪਰਕ ਕਰੋ: 647-631-9445

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.






## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ। ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661






## ਲੜਕੇ ਦੀ ਲੋੜ

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com









## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com




# ਕੁੜੱਤਣ ਨਾਲ ਭਰਿਆਂ ਦੀ ਗੱਲ ਸੁਣਨੀ ਚਾਹੀਦੀ ਹੈ, ਪਰ ਨਗਾਰਖਾਨੇ ਵਿੱਚ ਤੂਤੀ ਦੀ ਆਵਾਜ਼ ਸੁਣੇਗਾ ਕੌਣ !

ਜਤਿੰਦਰ ਪਨੂੰ ਦੀ ਕਲਮ ਤੋਂ



ਅਸੀਂ ਭਾਰਤੀ ਅਤੇ ਪੰਜਾਬੀ ਲੋਕ ਇਸ ਪੱਖੋਂ ਚੰਗੇ ਹਾਂ ਕਿ ਅਸੀਂ ਬਹੁਤੀਆਂ ਗੱਲਾਂ ਦੀ ਪ੍ਰਵਾਹ ਨਹੀਂ ਕਰਦੇ। ਕਈ ਸਾਲ ਪਹਿਲਾਂ ਐਵੇਂ ਸੰਸਾਰ ਦੇ ਰਿਵਾਜਾਂ ਉੱਤੇ ਝਾਤੀ ਮਾਰਦਿਆਂ ਅਚਾਨਕ ਨਜ਼ਰ ਪੈ ਗਈ ਕਿ ਸੰਸਾਰ ਪੱਧਰ ਉੱਤੇ ਤੀਹ ਜੁਲਾਈ ਨੂੰ 'ਦੋਸਤੀ ਦਾ ਦਿਨ' (ਇੰਟਰਨੈਸ਼ਨਲ ਡੇਅ ਆਫ ਫਰੈਂਡਸ਼ਿਪ) ਮਨਾਇਆ ਜਾਂਦਾ ਹੈ। ਬਹੁਤ ਪਿਆਰੇ ਲੇਖਕ ਮਿੱਤਰ ਦਾ ਉਸੇ ਸਵੇਰੇ ਫੋਨ ਆਇਆ ਸੀ ਤੇ ਅਸੀਂ ਬਹੁਤ ਸਾਰੀਆਂ ਗੱਲਾਂ ਕੀਤੀਆਂ ਸਨ। ਮੈਨੂੰ ਇਸ ਦਿਨ ਬਾਰੇ ਪੜ੍ਹ ਕੇ ਖਿਆਲ ਆਇਆ ਕਿ ਉਸ ਬੜੇ ਪਿਆਰੇ ਦੋਸਤ ਨੂੰ ਇਸ ਦਿਨ ਦੀ ਵਧਾਈ ਦੇਣੀ ਚਾਹੀਦੀ ਹੈ ਅਤੇ ਮੈਂ ਝੱਟ ਉਸ ਦੇ ਫੋਨ ਉੱਤੇ ਇਸ ਬਾਰੇ ਸੁਨੇਹਾ ਭੇਜ ਦਿੱਤਾ। ਥੋੜ੍ਹੀ ਦੇਰ ਬਾਅਦ ਉਸ ਦਾ ਫੋਨ ਆਇਆ ਤਾਂ ਨੰਬਰ ਪੜ੍ਹ ਕੇ ਮੈਨੂੰ ਖੁਸ਼ੀ ਜਿਹੀ ਹੋਈ, ਪਰ ਉਹ ਅੱਗੋਂ ਮੈਨੂੰ ਇਹ ਆਖਣ ਲੱਗ ਪਿਆ ਕਿ ਇਹ ਅਮੀਰੀਆਂ ਮਾਣਨ ਵਾਲੇ ਦੇਸ਼ਾਂ ਦੇ ਲੋਕਾਂ ਦੇ ਚੋਂਚਲੇ ਜਿਹੇ ਹਨ, ਸਾਨੂੰ ਇਨ੍ਹਾਂ ਵਿੱਚ ਨਹੀਂ ਪੈਣਾ ਚਾਹੀਦਾ, ਛੱਤੀ ਸੌ ਦਿਨ ਮਿਥ ਛੱਡੇ ਹਨ, ਏਨਿਆਂ ਦਿਨਾਂ ਦੀ ਵਧਾਈ ਦੇਣ ਲੱਗੀਏ ਤਾਂ ਇਹ ਰਸਮਾਂ ਸਾਥੋਂ ਭੁਗਤਾਈਆਂ ਨਹੀਂ ਜਾਣੀਆਂ। ਉਸ ਨੇ ਇਹ ਵੀ ਕਹਿ ਦਿੱਤਾ ਕਿ ਜਿਹੜੇ ਲੋਕ ਇਸ ਤਰ੍ਹਾਂ ਦੀਆਂ ਰਸਮਾਂ ਭੁਗਤਾਉਂਦੇ ਹਨ, ਉਹ ਵੀ ਬੱਸ ਰਸਮਾਂ ਭੁਗਤਾਉਂਦੇ ਹਨ, ਅਗਲੇ ਦਿਨ ਸਭ ਭੁਲਾ ਦੇਂਦੇ ਹਨ ਅਤੇ ਇਨ੍ਹਾਂ ਦਿਨਾਂ ਪਿੱਛੇ ਅਸਲੀ ਭਾਵਨਾ ਬਾਰੇ ਸੋਚਣ ਜਾਂ ਉਸ ਨੂੰ ਅੱਗੇ ਵਧਾਉਣ ਲਈ ਕੁਝ ਕਦੇ ਨਹੀਂ ਕਰਦੇ। ਓਦੋਂ ਸ਼ਾਇਦ ਉਸ ਦੀਆਂ ਗੱਲਾਂ ਪੱਲੇ ਨਹੀਂ ਸਨ ਪਈਆਂ, ਪਰ ਅੱਜਕੱਲ੍ਹ ਸੰਸਾਰ ਦੀ ਹਾਲਤ ਦੇਖ ਕੇ ਕਈ ਕੁਝ ਸੋਚਣ ਲੱਗ ਜਾਈਦਾ ਹੈ।

ਇਸ ਹਫਤੇ ਇੱਕ ਦਿਨ ਯੂਰਪੀ ਦੇਸ਼ ਦੇ ਇੱਕ ਹਵਾਈ ਅੱਡੇ ਉੱਤੇ ਦੂਸਰੀ ਉਡਾਣਉਡੀਕਣਦੇ ਲਈ ਢਾਈ ਕੁ ਘੰਟੇ ਗੁਜ਼ਾਰਨੇ ਪਏ ਤਾਂ ਓਥੇ ਸਕਰੀਨਾਂ ਉੱਤੇ ਵਾਰ-ਵਾਰ ਇੱਕ ਸੰਦੇਸ਼ ਚੱਲ ਰਿਹਾ ਸੀ ਕਿ ਇਸ ਸੋਹਣੀ ਧਰਤੀ ਨੂੰ ਇਸ ਵਕਤ ਪਰਦੂਸ਼ਣ ਤੋਂ ਬਹੁਤ ਖਤਰੇ ਹਨ, ਸਾਨੂੰ ਸਾਰਿਆਂ ਨੂੰ ਪ੍ਰਦੂਸ਼ਣ ਰੋਕਣ ਲਈ ਕੰਮ ਕਰਨਾ ਚਾਹੀਦਾ ਹੈ। ਗੱਲ ਬਹੁਤ ਸਿਆਣੀ ਸੀ, ਪਰ ਉਹ ਸੰਦੇਸ਼ ਪੜ੍ਹਨ ਤੋਂ ਬਾਅਦਮੈਂ ਇਸ ਸੋਚ ਵਿੱਚ ਫਸ ਗਿਆ ਕਿ ਏਦਾਂ ਦੇ ਸੰਦੇਸ਼ ਵੰਡਣਵਾਲੇ ਖੁਦ ਹੀ ਇਸ ਉੱਤੇ ਅਮਲ ਕਰ ਲੈਣ ਤਾਂ ਬੜਾ ਕੁਝ ਹੋ ਸਕਦਾ ਹੈ, ਜਿਹੜਾ ਹੁੰਦਾ ਨਹੀਂ ਦਿੱਸਦਾ। ਉਸ ਹਵਾਈ ਅੱਡੇ ਤੋਂ ਰੋਜ਼ ਜਿੰਨੇ ਜਹਾਜ਼ ਉੱਡਦੇ ਹਨ, ਪਿਛਲੇ ਵੀਹ ਸਾਲਾਂ ਦਾ ਉਨ੍ਹਾਂ ਦਾ ਵੇਰਵਾ ਇਸ ਮਾਣ ਨਾਲ ਪੇਸ਼ ਕੀਤਾ ਗਿਆ ਸੀ ਕਿ ਹਵਾਈ ਅੱਡਾ ਹਰ ਸਾਲ ਇਸ ਗਿਣਤੀ ਵਿੱਚ ਵਾਧਾ ਕਰ ਰਿਹਾ ਹੈ। ਮੈਂ ਇਹ ਸੋਚਦਾ ਰਿਹਾ ਕਿ ਧਰਤੀ ਨੂੰ ਸਿਰਫ ਇਸ ਦੀ ਹਿੱਕ ਉੱਤੇਪਲਦੇ ਪਰਦੂਸ਼ਣ ਤੋਂ ਹੀ ਖਤਰਾ ਨਹੀਂ, ਆਕਾਸ਼ ਤੇ ਸਮੁੰਦਰਾਂ ਵਿੱਚਨਿੱਤਉੱਬਲਦੇ ਲਾਵੇ ਨਾਲ ਵਧਦੇ ਪਰਦੂਸ਼ਣ ਦੀ ਮਾਰ ਵੀ ਇਸ ਧਰਤੀ ਅਤੇ ਇਸ ਦੇ ਵਾਸੀਆਂ ਨੂੰ ਪੈਣੀ ਹੈ। ਮੈਂ ਉਸ ਹਵਾਈ ਅੱਡੇ ਤੋਂ ਹੁੰਦੀਆਂ ਉਡਾਣਾਂ ਦੀ ਗਿਣਤੀ ਪੜ੍ਹਨ ਪਿੱਛੋਂ ਸੰਸਾਰ ਦਾ ਅੰਕੜਾ ਪੜ੍ਹਨ ਲੱਗ ਪਿਆ। ਪਤਾ ਲੱਗਾ ਕਿ ਸਾਲ 2004 ਵਿੱਚ ਦੋ ਕਰੋੜ ਅਠੱਤੀ ਲੱਖ ਉਡਾਣਾਂਰੋਜ਼ ਹੁੰਦੀਆਂ ਸਨ, ਜਿਹੜੀਆਂ 2019 ਤੱਕ ਵਧ ਕੇ ਤਿੰਨ ਕਰੋੜ ਉਨਾਨਵੇਂ ਲੱਖ ਹੋ ਗਈਆਂ ਤੇ ਕੋਵਿਡ ਸ਼ੁਰੂ ਹੋਣ ਤੱਕ ਵਧ ਕੇ ਚਾਰ ਕਰੋੜ ਤਿੰਨ ਲੱਖ ਰੋਜ਼ਾਨਾ ਨੂੰ ਟੱਪ ਗਈਆਂ ਸਨ। ਜਿੰਨੇ ਮਰਜ਼ੀ ਪ੍ਰਬੰਧ ਕੀਤੇ ਜਾਣ, ਆਕਾਸ਼ ਵਿੱਚ ਉੱਡਦੇਇਨ੍ਹਾਂ ਜਹਾਜ਼ਾਂ ਨਾਲ ਵੀ ਹਰ ਪਲ ਪਰਦੂਸ਼ਣ ਵਿੱਚ ਵਾਧਾ ਹੋ ਰਿਹਾ ਹੈ ਤੇ ਇਨ੍ਹਾਂ ਨਾਲ ਪ੍ਰਦੂਸ਼ਤ ਹੁੰਦੇ ਆਕਾਸ਼ ਦਾ ਖਤਰਾ ਵੀ ਸੰਸਾਰ ਦੀ ਮਨੁੱਖਤਾ ਨੂੰ ਅੱਜ ਨਹੀਂ ਤਾਂ ਕੱਲ੍ਹ, ਕਿਸੇ ਨਾ ਕਿਸੇਅਣਗੌਲੇ ਰੂਪ ਵਿੱਚ ਭੁਗਤਣਾ ਜ਼ਰੂਰ ਪੈਣਾ ਹੈ।

ਉਸ ਉਡਾਣ ਤੋਂ ਵਿਹਲਾ ਹੁੰਦੇ ਸਾਰ ਜਦੋਂ ਮੈਂ ਬਾਕੀ ਖੇਤਰਾਂ ਵਿੱਚ ਹੁੰਦੇ ਪਰਦੂਸ਼ਣ ਤੇ ਸੰਸਾਰ ਭਰ ਵਿੱਚ ਮਨਾਏ ਜਾਂਦੇ ਖਾਸ ਦਿਨਾਂ ਬਾਰੇ ਸੋਚਣ ਲੱਗਾ ਤਾਂ ਹਰ ਪੱਖ ਸਾਨੂੰ ਅੱਜ ਦੇ ਮਨੁੱਖਾਂ ਨੂੰ 'ਗੁਫਤਾਰ ਦੇ ਗਾਜ਼ੀ' (ਸਿਰਫ ਗੱਲਾਂ ਕਰਨ ਅਤੇ ਅਮਲ ਵਿੱਚ ਕੁਝ ਨਾ ਕਰਨ ਵਾਲੇ) ਸਾਬਤ ਕਰਨ ਲਈ ਕਾਫੀ ਸੀ। ਬਹੁਤੇ ਲੋਕਾਂ ਨੂੰ ਪਤਾ ਨਹੀਂ ਹੋਵੇਗਾ ਕਿ ਮਾਰਚ ਦੀ ਬਾਈ ਤਰੀਕ ਨੂੰ ਸੰਸਾਰ ਵਿੱਚ 'ਪਾਣੀ ਬਚਾਉ' (ਸੇਵ ਵਾਟਰ) ਦਿਨ ਮਨਾਇਆ ਜਾਂਦਾ ਹੈ, ਪਰ ਸੰਸਾਰ ਦੇ ਹਰ ਦੇਸ਼ ਵਿੱਚ ਹਰ ਸਾਲ ਪੀਣ ਵਾਲੇ ਪਾਣੀ ਦਾ ਸੰਕਟ ਵਧੀ ਜਾਂਦਾ ਹੈ ਅਤੇ ਹੋਰ ਕੰਮਾਂ ਲਈ ਵਰਤੋਂ ਦੇ ਪਾਣੀ ਦਾ ਵੀ। ਸੰਸਾਰ ਦੇ ਲੋਕਾਂ ਲਈ ਇੱਕ ਦਿਨ ਬਾਈ ਅਪਰੈਲ 'ਸੇਵ ਅਰਥ' (ਧਰਤੀ ਬਚਾਉ ਦਿਵਸ) ਵਜੋਂ ਵੀ ਮਨਾਇਆ ਜਾਂਦਾ ਹੈ, ਪਰ ਉਸ ਦਿਨ ਸਾਨੂੰ ਇਹ ਸੋਚਣ ਦੀ ਲੋੜ ਮਹਿਸੂਸ ਨਹੀਂ ਹੁੰਦੀ ਕਿ ਧਰਤੀ ਬਚਾਉਣ ਲਈ ਕੀ ਕਰਨਾ ਚਾਹੀਦਾ ਹੈ, ਬਹੁਤ ਵੱਡੀ ਗੱਲ ਇਹ ਕੀਤੀ ਜਾਂਦੀ ਹੈ ਕਿ ਕੁਝ ਸੰਸਥਾਵਾਂ ਛੋਟਾ-ਮੋਟਾ ਸਮਾਗਮ ਕਰ ਲੈਂਦੀਆਂ ਹਨ। ਇਸ ਪਿੱਛੋਂ ਪੰਜ ਜੂਨ 'ਸੰਸਾਰ ਵਾਤਾਵਰਣ ਦਿਵਸ' ਵਜੋਂ ਮਨਾਇਆ ਗਿਆ ਤੇ ਇਸ ਦੇ ਬਾਅਦ ਇਹੋ ਜਿਹੇ ਕਈ ਦਿਨ ਹੋਰ ਆਉਣਗੇ। ਮੁੱਕਦੇ ਜਾ ਰਹੇ ਸਾਲ ਦੀ ਪੂਛ ਵਾਲੇ ਦਸੰਬਰ ਵਿੱਚ ਦੋ ਤਰੀਕ ਨੂੰ 'ਪਰਦੂਸ਼ਣ ਰੋਕੋ ਦਿਵਸ' ਵਜੋਂ ਮਨਾਉਣ ਦਾ ਸੱਦਾਹਰ ਸਾਲ ਦਿੱਤਾ ਜਾਂਦਾ ਹੈ, ਪਰ ਉਹ ਵੀ ਆਮ ਸੱਦਿਆਂ ਵਰਗਾ ਸੱਦਾ ਬਣਿਆ ਰਹਿੰਦਾ ਹੈ। ਆਮ ਲੋਕ ਇਹ ਗੱਲਾਂ ਸੋਚਣ ਲਈ ਨਾ ਵਿਹਲ ਕੱਢਦੇ ਹਨ ਤੇ ਨਾ ਲੋੜ ਸਮਝਦੇ ਹਨ, ਕਿਉਂਕਿ ਜ਼ਿੰਦਗੀ ਦੀ ਗੱਡੀ ਚਲਾਉਣ ਲਈ ਮੁੜ੍ਹਕੋ-ਮੁੜ੍ਹਕੀ ਹੋ ਰਹੇ ਉਨ੍ਹਾਂ ਲੋਕਾਂ ਕੋਲ ਇਨ੍ਹਾਂ ਨਾਅਰਿਆਂ ਦੀ ਗੂੰਜ ਪਹੁੰਚਦੀ ਨਹੀਂ, ਸਮਾਜ ਵਿੱਚ ਵਿਖਾਵੇ ਦੀ ਜ਼ਿੰਦਗੀ ਜਿਊਣ ਵਾਲੇ ਗਿਣਵੇਂ-ਚੁਣਵੇਂ ਲੋਕ ਦੀਆਂ ਸ਼ਕਲਾਂ ਮੀਡੀਏ ਵਿੱਚ ਪੇਸ਼ ਕਰਨ ਤੱਕ ਸੀਮਤ ਰਹਿ ਜਾਇਆ ਕਰਦੀ ਹੈ। ਧਰਤੀ ਦਾ ਚੰਗਾ-ਮੰਦਾ ਉਨ੍ਹਾਂ ਲੋਕਾਂ ਨੂੰ ਵੀ ਭੁਗਤਣਾ ਪੈਣਾ ਹੈ, ਜਿਨ੍ਹਾਂ ਤੱਕ ਇਹ ਗੱਲ ਕਦੇ ਪੁੱਜਦੀ ਹੀ ਨਹੀਂ। ਉਹ ਆਮ ਲੋਕ ਇਸ ਸਾਰੀ ਪ੍ਰਕਿਰਿਆ ਦਾ ਹਿੱਸਾ ਬਣਾਏ ਜਾ ਸਕਦੇ ਹਨ, ਪਰ ਬਣਾਏ ਇਸ ਲਈ ਨਹੀਂ ਜਾਂਦੇ ਕਿ ਇਹੋ ਜਿਹਾ 'ਸੁਹਣਾ ਵਕਤ' ਗੁਜ਼ਾਰਨ ਵਾਲੇ ਦਿਨ ਉਨ੍ਹਾਂ ਮਾੜੇ-ਧੀੜੇ ਲੋਕਾਂ ਨਾਲ ਜੁੜ ਬੈਠਣਾ 'ਸਮਾਜ ਦੀ ਕਰੀਮ' ਹੋਣ ਦਾ ਦਾਅਵਾ ਕਰਨ ਵਾਲੇ ਖਾਸ ਵਰਗ ਦੇ ਲੋਕਾਂ ਨੂੰ ਕਦੀ ਪਸੰਦ ਨਹੀਂ ਆ ਸਕਦਾ,ਇਸ ਲਈ ਆਮ ਲੋਕ ਇਸ ਸਭ ਕਾਸੇ ਤੋਂ ਜਾਣ-ਬੁੱਝ ਕੇ ਦੂਰ ਰੱਖੇ ਜਾਂਦੇ ਹਨ।

ਕਈ ਸਾਲ ਪਹਿਲਾਂ ਅਸੀਂ ਦਿੱਲੀ ਤੋਂ ਸ਼ਤਾਬਦੀ ਐਕਸਪ੍ਰੈੱਸ ਰੇਲ ਗੱਡੀ ਲੈਣ ਲਈ ਪਲੇਟਫਾਰਮ ਉੱਤੇ ਖੜੇ ਸਾਂ ਤੇ ਓਥੇ ਉਸ ਗੱਡੀ ਬਾਰੇ ਗੱਲ ਚੱਲ ਰਹੀ ਸੀ ਕਿ ਸੋਹਣੀ ਗੱਡੀ ਹੈ, ਸਰਵਿਸ ਵੀ ਚੰਗੀ ਅਤੇ ਸਾਫ-ਸੁਥਰੀ ਵੀ। ਇੱਕ ਸੱਜਣ ਨੇ ਹੌਲੀ ਜਿਹੀ ਕਹਿ ਦਿੱਤਾ ਕਿ ਗੱਡੀ ਚੰਗੀ ਹੈ, ਸੋਹਣੀ ਹੈ, ਪਰ ਜਿਸ ਪਲੇਟਫਾਰਮ ਤੋਂ ਗੱਡੀ ਵਿੱਚ ਬੈਠਣਾ ਹੈ, ਉਸ ਦਾ ਹਾਲ ਔਹ ਸਾਹਮਣੇ ਰੇਲਵੇ ਲਾਈਨਾਂ ਵਿਚਲੇ ਗੰਦ ਵੱਲੋਂ ਵੇਖ ਲਵੋ ਤਾਂਫਿਰ ਗੱਡੀ ਵਿੱਚ ਬੈਠਣ ਦਾ ਮਜ਼ਾ ਨਹੀਂ ਰਹਿੰਦਾ। ਸਾਹਮਣੇ ਰੇਲਵੇ ਲਾਈਨਾਂ ਵਿੱਚ ਉਹ ਗੰਦ ਪਿਆ ਸੀ, ਜਿਹੜਾ ਸਰੀਰਕ ਲੋੜ ਕਾਰਨ ਮਜਬੂਰ ਹੋਏ ਮੁਸਾਫਰ ਓਥੇ ਖੜੀ ਗੱਡੀ ਵਿੱਚ ਵੀ ਟਾਇਲੇਟਸ ਵਿੱਚ ਜਾ ਕੇ ਪਾ ਆਏ ਸਨ। ਇੱਕ ਜਣੇ ਨੇ ਕਿਹਾ: ਇਸ ਦਾ ਕੋਈ ਇਲਾਜ ਨਹੀਂ ਹੋ ਸਕਦਾ ਤਾਂ ਪਹਿਲਾਂ ਸੋਹਣੀ ਗੱਡੀ ਤੇ ਪਲੇਟਫਾਰਮ ਦੀ ਗੱਲ ਕਰਨ ਵਾਲੇ ਸੱਜਣ ਨੇ ਕਿਹਾ ਸੀ: ਹਵਾਈ ਜਹਾਜ਼ ਕਈ ਵਾਰ ਦਸ-ਦਸ ਘੰਟੇ ਜਾਂ ਇਸ ਤੋਂ ਵੱਧ ਸਮਾਂ ਉੱਡਦੇ ਰਹਿੰਦੇ ਹਨ, ਉਨ੍ਹਾਂ ਦੇ ਮੁਸਾਫਰਾਂ ਨੂੰ ਵੀ ਇਹ ਲੋੜ ਜ਼ਰੂਰ ਪੈਂਦੀ ਹੋਵੇਗੀ ਅਤੇ ਜਹਾਜ਼ਾਂ ਤੋਂ ਇਹ ਗੰਦ ਹੇਠਾਂ ਕਦੀ ਸੁੱਟਿਆ ਨਹੀਂ ਜਾਂਦਾ, ਗੱਡੀਆਂ ਦਾ ਗੰਦ ਵੀ ਏਦਾਂ ਸੁੱਟੇ ਬਗੈਰਸੰਭਾਲਿਆ ਜਾ ਸਕਦਾ ਹੈ। ਬਹੁਤ ਸਾਲ ਲੰਘਾ ਕੇ ਅੱਜਕੱਲ੍ਹ ਇਹ ਕੰਮ ਭਾਰਤੀ ਰੇਲਾਂ ਵਿੱਚ ਕੀਤਾ ਜਾਣ ਲੱਗ ਪਿਆ ਹੈ, ਪਰ ਜਿਹੜੀ ਗੱਲ ਉਹ ਸੱਜਣ ਕਹਿ ਰਿਹਾ ਸੀ, ਉਸ ਬਾਰੇ ਸੋਚਣ ਲਈ ਭਾਰਤੀ ਰੇਲਵੇ ਨੂੰ ਆਜ਼ਾਦੀ ਤੋਂ ਬਾਅਦ ਪੌਣੀ ਸਦੀ ਕਿਉਂ ਲੱਗੀ? ਏਦਾਂ ਦੀ ਗੱਲ ਸੋਚਣ ਦੀ ਥਾਂ ਰੇਲਵੇ ਬੋਰਡ ਦੇ ਮੈਂਬਰ ਅਤੇ ਅਧਿਕਾਰੀ ਜੇਬਾਂ ਭਰਨ ਲਈ ਤਾਂ ਨਹੀਂ ਸਨ ਰੱਖੇ ਗਏ!

ਅਲੋਕਾਰ ਤੇ ਕੁੜੱਤਣ ਨਾਲ ਭਰੇ ਸੁਭਾਅ ਵਾਲਾ ਉਹ ਦੋਸਤ ਸਰਕਾਰਾਂ ਨਾਲ ਵੀ ਨਾਰਾਜ਼ ਰਹਿੰਦਾ ਹੈ, ਅਖਬਾਰਾਂ ਵਿੱਚ ਆਪਣੇ ਫੋਟੋ ਛਪਦੇ ਵੇਖਣ ਵਾਲੇ ਸਮਾਜ ਸੇਵੀਆਂ ਨਾਲ ਵੀ ਤੇ ਨਿੱਜੀ ਦੋਸਤੀ ਨਾ ਹੋਵੇ ਤਾਂ ਸਾਡੇ ਜਿਹੇ ਪੱਤਰਕਾਰਾਂ ਨੂੰ ਵੀ ਮਿਲਣਾ ਚੰਗਾ ਨਹੀਂ ਸਮਝਦਾ। ਉਹ ਸਾਨੂੰ ਸਾਰਿਆਂ ਨੂੰ ਨਿਕੰਮੇ ਸਮਝਦਾ ਅਤੇ ਆਖਦਾ ਵੀ ਹੈ। ਕਾਰਨ ਉਹ ਇਹ ਦੱਸਦਾ ਹੈ ਕਿ ਅਸੀਂ ਸਿਰਫ ਹੋਏ-ਵਾਪਰੇ ਦੀ ਪੇਸ਼ਕਾਰੀ ਕਰਦੇ ਹਾਂ, ਹੋਰਾਂ ਦੇ ਨੁਕਸ ਬੜੇ ਕੱਢਦੇ ਹਾਂ, ਸੰਸਾਰ ਬਚਾਉਣ ਲਈ ਕੀ ਕੁਝ ਕਰਨ ਦੀ ਲੋੜ ਹੈ, ਉਹ ਗੱਲ ਕਰਨ ਦਾ ਹੌਸਲਾ ਨਹੀਂ ਕਰਦੇ। ਖਾਸ ਕਰ ਕੇ ਪਰਦੂਸ਼ਣ ਬਾਰੇ ਚਰਚਾ ਚੱਲ ਪਵੇ ਤਾਂ ਉਹ ਬਹੁਤ ਕੌੜਾ ਹੋ ਜਾਂਦਾ ਹੈ। ਇੱਕ ਵਾਰ ਇਹੋ ਜਿਹੇ ਮੌਕੇ ਉਸ ਨੇ ਪੁੱਛ ਲਿਆ: 'ਵਿਕਸਤ ਦੇਸ਼ਾਂ ਵਿੱਚ ਭਲਾ ਗਾਵਾਂ-ਮੱਝਾਂ ਨਹੀਂ ਹੁੰਦੀਆਂ, ਜੇ ਹੁੰਦੀਆਂ ਹਨ ਤਾਂ ਚਾਰਾ ਨਹੀਂ ਖਾਂਦੀਆਂ, ਜੇ ਖਾਂਦੀਆਂ ਹਨ ਤਾਂ ਕੀ ਗੋਬਰ ਨਹੀਂ ਕਰਦੀਆਂ ਹੋਣਗੀਆਂ, ਪਰ ਉਨ੍ਹਾਂ ਦੇਸ਼ਾਂ ਵਿੱਚ ਸਾਡੇ ਵਾਂਗ ਗੰਦ ਕਿਉਂ ਨਹੀਂ ਪੈਂਦਾ ਤੇ ਸਾਡੇ ਭਾਰਤ ਵਿੱਚ ਮਨੁੱਖਾਂ ਤੋਂ ਲੈ ਕੇ ਪਸ਼ੂਆਂ ਤੱਕ ਦਾ ਗੰਦ ਕਦੀ ਠੀਕ ਤਰ੍ਹਾਂ ਸਾਂਭਿਆ ਕਿਉਂ ਨਹੀਂ ਜਾ ਸਕਿਆ? ਕੀ ਉਹ ਪਹਿਲਾਂ ਗਾਂਵਾਂ-ਮੱਝਾਂ ਦੇ ਫਾਰਮ ਬਣਾਉਂਦੇ ਹਨ ਜਾਂ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਗੰਦ-ਗੋਬਰ ਸੰਭਾਲਣ ਬਾਰੇ ਸੋਚਦੇ ਹਨ? ਮੈਂ ਅੱਖਾਂ ਟੱਡ ਕੇ ਵੇਖਣ ਲੱਗਾ ਤਾਂ ਉਸ ਨੇ ਕਿਹਾ: ਜਦੋਂ ਭਾਰਤ ਦੀ ਸਰਕਾਰ ਹਰ ਸਾਲ ਕਹਿੰਦੀ ਹੈ ਕਿ ਫਲਾਣੇ ਸਾਲ ਨੂੰ ਦੇਸ਼ ਦੀ ਆਬਾਦੀ ਐਨੇ ਕਰੋੜ ਹੋ ਜਾਣੀ ਹੈ ਅਤੇ ਫਿਰ ਹੋ ਜਾਂਦੀ ਹੈ, ਸਰਕਾਰ ਕਦੇ ਇਹ ਕਿਉਂ ਨਹੀਂ ਸੋਚਦੀ ਕਿ ਉਹ ਸਾਲ ਆਉਣ ਤੋਂ ਪਹਿਲਾਂ ਉਨ੍ਹਾਂ ਲੋਕਾਂ ਦੇ ਮਲ-ਮੂਤਰ ਨੂੰ ਸੰਭਾਲਣ ਦਾ ਪ੍ਰਬੰਧ ਵੀ ਕਰਨਾ ਚਾਹੀਦਾ ਹੈ? ਉਹ ਪੁੱਛਦਾ ਸੀ ਕਿ ਸੰਸਾਰ ਦੇ ਵਿਕਸਤ ਦੇਸ਼ਾਂ ਦੇ ਲੋਕ ਮੱਝਾਂ-ਗਾਵਾਂ ਬਾਰੇ ਵੀ ਅਗੇਤਾ ਸੋਚ ਸਕਦੇ ਹਨ ਤਾਂ ਸਾਡਾ ਸਮਾਜ ਭਵਿੱਖ ਦੇ ਨਾਗਰਿਕਾਂ, ਜਿਨ੍ਹਾਂ ਵਿੱਚੋਂ ਕਦੀ ਕੋਈ ਦੇਸ਼ ਦਾ ਪ੍ਰਧਾਨ ਮੰਤਰੀ ਵੀ ਬਣ ਸਕਦਾ ਹੈ, ਬਾਰੇ ਕਿਉਂ ਨਹੀਂ ਸੋਚ ਸਕਦਾ? ਨਾ ਭਵਿੱਖ ਦੇ ਨਾਗਰਿਕਾਂ ਦੇ ਚਾਰੇ ਬਾਰੇ ਅਗੇਤਾ ਸੋਚਿਆ ਜਾਂਦਾ ਹੈ ਤੇ ਨਾ ਉਸ ਤੋਂ ਪੈਂਦੇ ਪ੍ਰਭਾਵਾਂ ਬਾਰੇ, ਸਿਰਫ ਇਹ ਪੜ੍ਹਾਉਣ ਉੱਤੇ ਜ਼ੋਰ ਲਾਇਆ ਜਾਂਦਾ ਹੈ ਕਿ 'ਮਨੁੱਖ ਇੱਕ ਸਮਾਜੀ ਜੀਵ ਹੈ', ਜੇ ਸਮਾਜ ਇਹ ਗੱਲ ਨਾ ਦੱਸੇਗਾ ਤਾਂ ਭਲਾ ਇਹ ਸਮਾਜੀ ਜੀਵ ਨਾ ਰਹੇਗਾ? ਸਮਾਜ ਏਨੀ ਗੱਲ ਕਹਿਣ ਨਾਲ ਫਰਜ਼ਾਂ ਤੋਂ ਮੁਕਤ ਨਹੀਂ ਹੋ ਜਾਂਦਾ, ਪਰ ਫਰਜ਼ ਪੂਰਤੀ ਲਈ ਕੁਝ ਕਰਦਾ ਕਿਉਂ ਨਹੀਂ? ਏਹੋ ਜਿਹੇ ਕੁੜੱਤਣ ਦੇ ਭਰੇ ਬੰਦਿਆਂ ਦੀ ਗੱਲ ਸਾਨੂੰ ਹਰ ਕਿਸੇ ਨੂੰ ਸੁਣਨੀ ਚਾਹੀਦੀ ਹੈ, ਪਰ ਨਗਾਰਖਾਨੇ ਵਿੱਚ ਤੂਤੀ ਨੂੰ ਸੁਣੇਗਾ ਕੌਣ!

# ਸਕਾਈਡੋਮ ਦਾ 26ਵਾਂ ਮੇਲਾ ਆਪਣੀ ਛਾਪ ਛੱਡ ਗਿਆ

ਟੋਰੰਟੋ ਦੀ ਇਕ ਨਾਮਵਰ ਕੰਪਨੀ ਸਕਾਈਡੋਮ ਗਰੁੱਪ ਆਫ ਕੰਪਨੀਜ ਵੱਲੋਂ ਹਰ ਸਾਲ ਦੀ ਤਰਾਂ ਇਸ ਵਾਰ ਅਪਣਾ 26 ਵਾਂ ਸਲਾਨਾ ਵਿਸਾਖੀ ਮੇਲਾ ਅਤੇ ਗਾਹਕ ਮਿਲਣੀ ਦਿਵਸ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਅਪਣੀ 210 ਰਦਰਫੋਰਡ ਰੋਡ ( ਸਾਊਥ) ਬਰੈਂਪਟਨ ਵਾਲੀ ਲੋਕੇਸ਼ਨ ਤੇ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿਚ ਆਮ ਗਾਹਕ , ਵੱਡੇ ਟਰੱਕ ਕੰਪਨੀਆਂ ਵਾਲੇ , ਦੋਸਤ ਮਿੱਤਰ ਅਤੇ ਆਮ ਪਬਲਿਕ ਨੇ ਵੀ ਸ਼ਮੂਲੀਅਤ ਕੀਤੀ ! ਸਵੇਰ ਤੋਂ ਹੀ ਚਾਹ , ਪਕੌੜੇ ਅਤੇ ਗਰਮ ਗਰਮ ਜਲੇਬੀਆਂ ਦਾ ਲੰਗਰ ਸਾਰਾ ਦਿਨ ਚਲਦਾ ਰਿਹਾ । ਪਰੋਗਰਾਮ ਦੇ ਅਰੰਭ ਵਿਚ ਸ ਪਿਆਰਾ ਸਿੰਘ ਕੁਦੋਵਾਲ ਨੇ ਸਕਾਈਡੋਮ ਕੰਪਨੀ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਕਿ ਕਿਵੇਂ ਸ ਦਲਜੀਤ ਸਿੰਘ ਗੈਦੂ ਨੇ ਅਪਣੇ ਚਾਰ ਪੁਤੱਰਾਂ ਸਤਨਾਮ ਸਿੰਘ (ਹੈਪੀ)ਗੈਦੂ , ਇੰਦਰਜੀਤ ਸਿੰਘ (ਲੱਕੀ) ਗੈਦੂ , ਇੰਦਰਪਾਲ ਸਿੰਘ (ਰੌਕੀ) ਗੈਦੂ,ਅਤੇ ਸਤਿਬੀਰ ਸਿੰਘ ( ਗੋਲਡੀ ) ਗੈਦੂ ਨਾਲ ਇਸ ਕੰਪਨੀ ਨੂੰ ਬੁਲੰਦੀਆਂ ਤੇ ਪਹੁੰਚਾਇਆ । ਇਸ ਸਾਰੀ ਤਰੱਕੀ ਪਿੱਛੇ ਸਰਦਾਰਨੀ ਕੁਲ-ਵੰਤ ਕੌਰ ਗੈਦੂ ਦਾ ਵੀ ਬਹੁਤ ਵੱਡਾ ਹੱਥ ਹੈ । ਅੱਜ ਸਕਾਈਡੋਮ ਗਰੁੱਪ ਆਫ ਕੰਪਨੀਜ ਆਨਟਾਰੀਓ ਦੇ ਚਾਰ ਸ਼ਹਿਰਾਂ ਤੋਂ ਅਪਣੀਆਂ 6 ਲੋਕੇਸ਼ਨਾਂ ਰਾਹੀਂ ਅਪਣੀਆਂ ਸੇਵਾਵਾਂ ਦੇ ਰਹੇ ਹਨ । ਰਣਜੀਤ ਸਿੰਘ ਲਾਲ ਦੇ ਮਿਉਜੀਕਲ ਗਰੁੱਪ ਨੇ ਅਪਣੇ ਨਾਮਵਰ ਗਾਇਕਾਂ ਨਾਲ ਖੂਬ ਰੰਗ ਬੰਨ ਕੇ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਸਰੋਤਿਆਂ ਵਿਚੋਂ ਵੀ ਨੌਜਵਾਨ ਉੱਭਰ ਰਹੇ ਕਲਾਕਾਰਾਂ ਨੇ ਵੀ ਅਪਣੀ ਹਾਜਰੀ ਲਵਾ ਕੇ ਅਪਣੀ ਵਾਹ ਵਾਹ ਖੱਟੀ ਜਿਸ ਨੂੰ ਸਰੋਤਿਆਂ ਨੇ ਬਹੁਤ ਸਲਾਹਿਆ । ਅੱਜ ਦੇ ਇਸ ਸਮਾਗਮ ਵਿਚ ਪਰਭਮੀਤ ਸਿੰਘ ਸਰਕਾਰੀਆ (ਆਨਟਾਰੀਓ ਸਟੇਟ ਮਿਨਿਸਟਰ, ਮਨਿੰਦਰ ਸਿੱਧੂ ਮੈਂਬਰ ਪਾਰਲੀਮੈਂਟ , ਸਾਬਕਾ ਐਮ ਪੀ ਗੁਰਬਖਸ਼ ਸਿੰਘ ਮੱਲ੍ਹੀ; ਬਰੈਂਪਟਨ ਸ਼ਹਿਰ ਦੇ ਮੇਅਰ ਮਿਸਟਰ ਪੈਟਰਿਕ ਬਰਾਊਨ , ਐੱਮ ਪੀ ਪੀ , ਗੁਰੂ ਨਾਨਕ ਕਾਰ ਰੈਲੀ ਤੋਂ ਮੇਜਰ ਨਾਗਰਾ ਜੀ , ਪੰਜਾਬ ਪੈਵੀਲੀਅਨ ਤੋਂ ਚੱਗਰ ਸਾਹਿਬ , ਪੰਜਾਬੀ ਸਾਹਿਤ ਦੇ ਨਾਮਵਰ ਲੇਖਕ ਤੇ ਜਾਣੇ ਪਛਾਣੇ ਬਾਬਾ ਬੋਹੜ ਪੂਰਨ ਸਿੰਘ ਪਾਂਧੀ ਜੀ , ਭਾਰਤ ਤੋਂ ਵਿਸ਼ੇਸ ਤੌਰ ਤੇ ਪਧਾਰੇ ਕਰਨੈਲ ਸਿੰਘ ਮਠਾੜੂ (ਦਸ਼ਮੇਸ਼ ਕੰਬਾਈਨ ਮਲੇਰਕੋਟਲਾ) , ਚਰਨਜੀਤ ਸਿੰਘ ਝੰਡੇਆਣਾ, ਸੁਖਰਾਜ ਸਿੰਘ ਗੋਲਡੀ ਕਲਸੀ ਮੋਗਾ, ਚਮਕੌਰ ਸਿੰਘ ਝੰਡੇਆਣਾ, ਦਰਸ਼ਨ ਸਿੰਘ ਕਲਸੀ , ਕਰਨੈਲ ਸਿੰਘ ਘੜਿਆਲ, ਜਸਵੀਰ ਸਿੰਘ ਸੈਂਹਬੀ , ਮਹਿੰਦਰ ਸਿੰਘ ਘੜਿਆਲ, ਬਲਜਿੰਦਰ ਸਿੰਘ













ਘੜਿਆਲ ,ਕਰਨੈਲ ਸਿੰਘ ਮਰਵਾਹਾ , ਹਰਦਿਆਲ ਸਿੰਘ ਝੀਤਾ ,ਸਾਬਕਾ ਮੈਂਬਰ ਪਾਰਲੀਮੈਂਟ ਸ ਗੁਰਬਖਸ ਸਿੰਘ ਮੱਲੀ , ਮਿਸੀਸਾਗਾ ਤੋਂ ਐਮ ਪੀ ਪੀ ਅਮਰਜੋਤ ਸੰਧੂ , ਆਰ ਐਸ ਐਫ ਓ ਦੇ ਬਹੁਤ ਸਾਰੇ ਮੈਂਬਰਜ , ਉਹਨਾਂ ਦੇ ਪਰਿਵਾਰ ਸਮੇਤ ਬੱਚਿਆਂ ਦੇ ਸ਼ਾਮਲ ਸਨ । ਦੁਪਿਹਰ ਦੇ ਸਵਾਦਿਸ਼ਟ ਖਾਣੇ ਦਾ ਸਕਾਈਡੋਮ ਕੰਪਨੀ ਵੱਲੋਂ ਵਧੀਆ ਪਰਬੰਧ ਕੀਤਾ ਗਿਆ, ਜਿਸ ਦਾ ਸਾਰੇ ਆਏ ਮਹਿਮਾਨਾਂ ਨੇ ਭਰਪੂਰ ਅਨੰਦ ਮਾਣਿਆ। ਬੱਚਿਆਂ ਲਈ ਵੱਖਰੇ ਇਨਾਮ ਕੱਢੇ ਗਏ ਅਤੇ ਬੱਚਿਆਂ ਲਈ ਵਿਸ਼ੇਸ ਖੇਡਾਂ ਦਾ ਪਰਬੰਧ ਵੀ ਕੀਤਾ ਗਿਆ ਸੀ । ਸਾਰੇ ਅਏ ਮਹਿਮਾਨਾਂ ਲਈ ਮੁਫਤ ਲੱਕੀ ਡਰਾਅ ਵੀ ਰੱਖਿਆ ਗਿਆ ਸੀ ਜਿਸ ਵਿਚ ਟੀ ਵੀ , ਸਾਈਕਲ , ਕੌਫੀ ਮਸ਼ੀਨ ,ਟੈਂਟ ਸਮੇਤ ਕੁਲ 10 ਇਨਾਮ ਕੱਢੇ ਗਏ ਜੋ ਕਿ ਮੌਕੇ ਤੇ ਹਾਜ਼ਰ ਇਨਾਮ ਜੇਤੂਆਂ ਨੂੰ ਵੱਖ ਵੱਖ ਆਏ ਮਹਿਮਾਨਾਂ ਨੈ ਤਕਸ਼ੀਮ ਕੀਤੇ । ਇਸ ਸਾਰੇ ਸਮਾਗਮ ਨੂੰ ਪੰਜਾਬੀ ਸਾਹਿਤ ਦੇ ਜਾਣੇ ਪਹਿਚਾਣੇ ਸ਼ਾਇਰ ਡਾ ਪਿਆਰਾ ਸਿੰਘ ਕੁਦੋਵਾਲ ਨੇ ਸਟੇਜ ਦੀ ਕਾਰਵਾਈ ਨੂੰ ਬਹੁਤ ਹੀ ਵਧੀਆਢੰਗ ਅਪਣੇ ਸ਼ਾਇਰਾਨਾ ਅੰਦਾਜ ਨਾਲ ਪੇਸ਼ ਕਰਕੇ ਚਾਰ ਚੰਨ ਲਾ ਦਿੱਤੇ ਅਤੇ ਸਰੋਤਿਆ ਨੂੰ ਕੀਲ ਕੇ ਸਾਰਾ ਦਿਨ ਪਰੋਗਰਾਮ ਦਾ ਅਨੰਦ ਮਾਨਣ ਲਈ ਮਜਬੂਰ ਕਰ ਦਿੱਤਾ ਸਕਾਈਡੋਮ ਗਰੁੱਪ ਦੇ ਸਾਰੇ ਵਰਕਰਾਂ ਤੇ ਵਲੰਟੀਅਰਜ ਨੂੰ ਵੀ ਵਿਸ਼ੇਸ ਸਨਮਾਨ ਦਿੱਤਾ ਗਿਆ ।ਅੰਤ ਵਿੱਚ ਸਕਾਈਡੋਮ ਗਰੁੱਪ ਦੇ ਚੇਅਰਮੈਨ ਦਲਜੀਤ ਸਿੰਘ ਗੈਦੂ ਨੇ ਆਏ ਸਾਰੇ ਮਹਿਮਾਨਾਂ ਦਾ ਇਸ ਸਮਾਗਮ ਵਿਚ ਸ਼ਾਮਲ ਹੋਣ ਤੇ ਵਿਸ਼ੇਸ ਤੌਰ ਤੇ ਧੰਨਵਾਦ ਕੀਤਾ। ਹੋਰ ਵਧੇਰੇ ਜਾਣਕਾਰੀ ਲਈ 416-305-9878 ਤੇ ਦਲਜੀਤ ਸਿੰਘ ਗੈਦੂ ਨਾਲ ਸੰਪਰਕ ਕਰ ਸਕਦੇ ਹੋ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editor** | **Gyan Singh,** |
| **Office Admin** | **Sajandeep Singh** |
| **Graphic Designer** | **Angrez Singh**<br>**Komal Matharu** |
| **Photographer** | Kanwaljit Singh Kanwal |
| **Distributer** | **Bhupinder Dhillon** |
| **Marketing:** | **Sajandeep Singh** |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਸਿਹਤ ਪ੍ਰਤੀ ਜਾਗਰੂਕਤਾ ਲਈ ਸਾਂਝਾ ਰੱਨ-ਕਮ-ਵੱਕ ਈਵੈਂਟ 'ਇੰਸਪੀਰੇਸ਼ਨਲ ਸਟੱਪਸ-2023 ਹੋਵੇਗਾ 16 ਜੁਲਾਈ ਨੂੰ

### ਹੁਣ ਤੱਕ 371 ਲੋਕਾਂ ਨੇ ਕਰਵਾਈ ਰਜਿਸਟ੍ਰੇਸ਼ਨ, ਰਜਿਸਟ੍ਰੇਸ਼ਨ ਲਈ ਆਖ਼ਰੀ ਤਰੀਕ 30 ਜੂਨ

ਬਰੈਂਪਟਨ, (ਡਾ. ਝੰਡ) - ਲੋਕਾਂ ਵਿੱਚ ਸਿਹਤ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਬਰੈਂਪਟਨ ਵਿੱਚ ਪਿਛਲੇ ਲੰਮੇਂ ਸਮੇਂ ਤੋਂ ਵਿਚਰ ਰਹੀਆਂ ਪ੍ਰਮੁੱਖ ਸੰਸਥਾਵਾਂ 'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ', 'ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ', 'ਐੱਨਲਾਈਟ ਕਿੱਡਜ਼ ਫ਼ਾਰ ਐਜੂਕੇਸ਼ਨ', 'ਤਰਕਸ਼ੀਲ ਸੋਸਾਇਟੀ ਆਫ਼ ਕੈਨੇਡਾ', 'ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਆਫ਼ ਬਰੈਂਪਰਨ', 'ਖਾਲਸਾ ਏਡ',; 'ਡਰੱਗ ਅਵੇਅਰਨੈੱਸ ਸੋਸਾਇਟੀ', 'ਪਿੰਗਲਵਾੜਾ ਸੋਸਾਇਟੀ' ਅਤੇ 'ਸਹਾਇਤਾ ਫਾਊਂਡੇਸ਼ਨ' ਵੱਲੋਂ ਮਿਲ ਕੇ ਸਾਂਝਾ 'ਰੱਨ-ਕਮ-ਵਾਕ' ਈਵੈਂਟ 'ਇੰਸਪੀਰੇਸ਼ਨਲ ਸਟੱਪਸ-202 ਆਯੋਜਿਤ ਕਰਵਾਇਆ ਜਾ ਰਿਹਾ ਹੈ।

ਇਹ ਈਵੈਂਟ ਬਰੈਂਪਟਨ ਦੇ ਚਿੰਗੁਆਕੂਜ਼ੀ ਪਾਰਕ ਦੇ ਟੈਰੀਫ਼ਾਕਸ ਟਰੈਕ ਐਂਡ ਫ਼ੀਲਡ ਵਿੱਚ 16 ਜੁਲਾਈ ਨੂੰ ਸਵੇਰੇ 8.30 ਵਜੇ ਆਰੰਭ ਹੋਵੇਗਾ ਅਤੇ ਇਸ ਵਿੱਚ ਭਾਗ ਲੈਣ ਵਾਲਿਆਂ ਲਈ ਰਜਿਸਟ੍ਰੇਸ਼ਨ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀ ਹੈ। ਇਸ ਦੇ ਲਈ ਰਜਿਸਟ੍ਰੇਸ਼ਨ ਫ਼ੀਸ 18 ਸਾਲ ਜਾਂ ਇਸ ਤੋਂ ਵੱਡੇ ਬਾਲਗ਼ਾ ਲਈ 25 ਡਾਲਰ ਅਤੇ 10 ਤੋਂ 17 ਸਾਲ ਦੇ ਨੌਜੁਆਨਾਂ ਲਈ 10 ਡਾਲਰ ਹੈ। 10 ਸਾਲ ਤੋਂ ਛੋਟੇ ਬੱਚਿਆਂ ਲਈ ਇਹ ਰਜਿਸਟ੍ਰਸ਼ਨ ਫ਼ਰੀ ਹੈ।

ਪ੍ਰਾਪਤ ਸੂਚਨਾ ਅਨੁਸਾਰ 19 ਜੂਨ ਤੱਕ 371 ਦੌੜਾਕ ਤੇ ਵੱਕਰ ਇਸ ਦੇ ਲਈ ਆਪਣੀ ਰਜਿਸਟ੍ਰੇਸ਼ਨ ਕਰਵਾ ਚੁੱਕੇ ਹਨ ਜਿਸ ਵਿੱਚ ਟੀਪੀਏਆਰ ਕਲੱਬ ਦੇ 116, ਐੱਨਲਾਈਟ ਕਿੱਡਜ਼ ਫ਼ਾਰ ਐਜੂਕੇਸ਼ਨ ਦੇ 79, ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਦੇ 73, ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਦੇ 32, ਤਰਕਸ਼ੀਲ ਸੋਸਾਇਟੀ ਦੇ 31, ਪਿੰਗਲਵਾੜਾ ਸੋਸਾਇਟੀ ਦੇ 20, ਖਾਲਸਾ ਏਡ ਦੇ 11, ਡਰੱਗ ਅਵੇਅਰਨੈੱਸ ਸੋਸਾਇਟੀ ਦੇ 8 ਅਤੇ ਸਹਾਇਤਾ ਫ਼ਾਊਂਡੇਸ਼ਨ ਦੇ ਇੱਕ ਮੈਂਬਰ ਸ਼ਾਮਲ ਹਨ। ਇਹ ਰਜਿਸਟ੍ਰੇਸ਼ਨ ਆਨ-ਲਾਈਨ ਅਤੇ ਨਿੱਜੀ ਤੌਰ 'ਤੇ ਦੋਵੇਂ ਤਰ੍ਹਾਂ ਹੋ ਰਹੀ ਹੈ। ਇਸ ਈਵੈਂਟ ਵਿੱਚ ਭਾਗ ਲੈਣ ਦੇ ਚਾਹਵਾਨ ਉਪਰੋਕਤ ਸੰਸਥਾਵਾਂ ਨਾਲ ਸੰਪਰਕ ਕਰ ਸਕਦੇ ਹਨ।




ਇਸ ਸਬੰਧੀ ਵਧੇਰੇ ਜਾਣਕਾਰੀ ਸੰਧੂਰਾ ਸਿੰਘ ਬਰਾੜ (416-275-9337), ਨਰਿੰਦਰ ਪਾਲ ਬੈਂਸ (647-893-3656), ਪਰਮਜੀਤ ਸਿੰਘ ਢਿੱਲੋਂ ( 416-500-1124) ਜਾਂ ਮਨਜੀਤ ਸਿੰਘ ਨੌਟਾ (416-301-1968) ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।



ਸਮੂਹ ਕੈਨੇਡਾ ਵਾਸੀਆਂ ਨੂੰ ਗੋਰ ਸੀਨੀਅਰ ਕਲੱਬ ਵਲੋਂ ਕੈਨੇਡਾ ਡੇਅ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ।



ਸਮੂਹ ਕੈਨੇਡਾ ਵਾਸੀਆਂ ਨੂੰ ਮੇਫੀਲਡ ਪ੍ਰੋਗਰੈਸਿਵ ਸੀਨੀਅਰ ਕਲੱਬ ਨੇ ਕੈਨੇਡਾ ਡੇਅ ਦੀਆਂ ਮੁਬਾਰਕਾਂ ਦਿੱਤੀਆਂ।







ਫਾਦਰ ਟੌਬਿਨ ਸੀਨੀਅਰਜ਼ ਕਲੱਬ ਵਲੋਂ ਮਦਰਜ਼ ਡੇਅ ਅਤੇ ਫਾਦਰਜ਼ ਡੇਅ ਮਨਾਇਆ ਗਿਆ। ਇਸ ਮੌਕੇ ਕਲੱਬ ਦੇ ਸੀਨੀਅਰ ਮੈਂਬਰਾਂ ਦਾ ਸਨਮਾਨ ਕੀਤਾ ਗਿਆ ਅਤੇ ਵੱਖ-ਵੱਖ ਬੁਲਾਰਿਆਂ ਵਲੋਂ ਆਏ ਮਹਿਮਾਨਾਂ ਨੂੰ ਸੰਬੋਧਨ ਕੀਤਾ ਗਿਆ।

# ਡੌਨ ਮਿਨੇਕਰ ਸੀਨੀਅਰਜ਼ ਕਲੱਬ ਨੇ ਲਗਾਇਆ ਸੈਨੇਟੇਨੀਅਲ ਬੀਚ ਦਾ ਟੂਰ

ਡੌਨ ਮਿਨੇਕਰ ਕਲੱਬ ਦੇ ਮੈਂਬਰ ਹਰ ਸਾਲ ਵੱਖ ਵੱਖ ਜਗ੍ਹਾਵਾਂ ਦੇ ਟੂਰ ਲਾਉਂਦੇ ਰਹਿੰਦੇ ਹਨ। ਇਸੇ ਤਰ੍ਹਾਂ ਇਸ ਸਾਲ ਕਲੱਬ ਦਾ ਪਹਿਲਾ ਟੂਰ ਕਲੱਬ ਦੀ ਕਮੇਟੀ ਦੇ ਸਾਰੇ ਮੈਂਬਰਾਂ ਦੀ ਸਹਿਮਤੀ ਨਾਲ ਸੈਨੇਟੇਨੀਅਲ ਬੀਚ ਅਤੇ ਪਾਰਕ, ਬੈਰੀ ਦਾ ਲਾਉਣ ਦਾ ਫੈਸਲਾ ਕੀਤਾ ਗਿਆ। ਪ੍ਰਧਾਨ ਅਮਰੀਕ ਸਿੰਘ ਕੁਮਰੀਆ ਅਤੇ ਉਪ ਪ੍ਰਧਾਨ ਜਗਦੇਵ ਸਿੰਘ ਦੀ ਅਗਵਾਈ ਹੇਠ ਪ੍ਰੋਗਰਾਮ ਉਲੀਕਿਆ ਗਿਆ। ਬੀਤੀ 24 ਜੂਨ ਨੂੰ ਸਵੇਰੇ ਬਸ ਭਰ ਕੇ ਟੂਰ ਲਈ ਰਵਾਨਾ ਹੋਈ। ਇਸ ਦੌਰਾਨ ਸਾਰਾ ਪ੍ਰਬੰਧ ਉਪ ਪ੍ਰਧਾਨ ਜਗਦੇਵ ਸਿੰਘ ਗਰੇਵਾਲ ਨੇ ਪੂਰੀ ਜਿੰਮੇਵਾਰੀ ਨਾਲ ਸੰਭਾਲਿਆ।



ਉਕਤ ਸਥਾਨ ਉਤੇ ਪਹੁੰਚਕੇ ਪਾਰਕ ਵਿਚ ਚਾਹ ਅਤੇ ਸਮੋਸੇ ਵਰਤਾਏ ਗਏ। ਇਸ ਟੂਰ ਦਾ ਸਾਰਿਆਂ ਨੇ ਬਹੁਤ ਆਨੰਦ ਮਾਣਿਆ ਅਤੇ ਸ਼ਾਮ ਨੂੰ ਵਾਪਸ ਡੌਨ ਮਿਨੇਕਰ ਪਾਰਕ ਆ ਗਏ।

ਦੱਸਣਯੋਗ ਹੈ ਕਿ ਅਗਲਾ ਟੂਰ ਪ੍ਰੋਗਰਾਮ ਆਉਣ ਵਾਲੀ 15 ਜੁਲਾਈ ਨੂੰ ਸੈਂਟਰ ਆਈਜ਼ਲੈਂਡ ਟੋਰਾਂਟੋ ਦਾ ਮਿਥਿਆ ਗਿਆ ਹੈ। ਇਸ ਵਿਚ ਸ਼ਾਮਲ ਹੋਣ ਦੇ ਚਾਹਵਾਨ 10 ਜੁਲਾਈ ਤੋਂ ਪਹਿਲਾਂ ਆਪਣੇ ਨਾਮ ਰਜਿਸਟਰ ਕਰਵਾ ਦੇਣ। ਬਸ ਸਵੇਰੇ 9:30 ਵਜੇ ਡੌਨ ਮਿਨੇਕਰ ਪਾਰਕ ਤੋਂ ਚੱਲੇਗੀ। ਵਧੇਰੇ ਜਾਣਕਾਰੀ ਲਈ ਪ੍ਰਧਾਨ ਅਮਰੀਕ ਸਿੰਘ ਕੁਮਰੀਆ 647-998-7253, ਉਪ ਪ੍ਰਧਾਨ ਜਗਦੇਵ ਸਿੰਘ ਗਰੇਵਾਲ 647-641-7094 ਅਤੇ ਡਾਇਰੈਕਟਰ ਰੁਖਵੰਤ ਕੌਰ ਸੰਧੂ ਨਾਲ 416-781-1530 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਫੈਮਿਲੀ ਫੇਅਰ ਨੇ ਕੈਲੇਡਨ ਵਿਚ ਨਵਾਂ ਮੀਲ ਪੱਥਰ ਕੀਤਾ ਸਥਾਪਿਤ



ਬੀਤੀ 24 ਜੂਨ ਨੂੰ, ਕੈਲੇਡਨ ਵੈਸਟ ਸੀਨੀਅਰ ਐਸੋਸੀਏਸ਼ਨ ਨੇ 'ਕਮਿਊਨਿਟੀ ਫੇਅਰ (ਮੇਲਾ)' ਦੇ ਬੈਨਰ ਹੇਠ ਇੱਕ ਬਹੁਤ ਹੀ ਸਫਲ ਸਾਲਾਨਾ ਸਮਾਗਮ ਆਯੋਜਿਤ ਕੀਤਾ। ਇਸ ਸਮਾਗਮ ਦਾ ਆਯੋਜਨ ਸਥਾਨਕ ਭਾਈਚਾਰੇ ਅਤੇ ਕਾਰੋਬਾਰੀਆਂ ਦੇ ਸਹਿਯੋਗ ਨਾਲ ਕੀਤਾ ਗਿਆ। ਕੈਲੇਡਨ ਵਿਚ 'ਸਟ੍ਰੀਟ ਬੁਆਏਜ਼' ਨਾਮਕ ਇੱਕ ਸਮੂਹ ਵਲੋਂ ਈਵੈਂਟ ਪਲਾਨ ਕੀਤਾ ਗਿਆ ਸੀ। ਇਸ ਮੇਲੇ ਦਾ ਆਕਰਸ਼ਨ ਸੀਨੀਅਰਜ਼ ਵੱਲੋਂ ਕਰਵਾਇਆ ਗਿਆ ਸੀਪ ਟੂਰਨਾਮੈਂਟ ਸੀ। ਵੱਖ-ਵੱਖ ਉਮਰ ਵਰਗ ਦੇ ਬੱਚਿਆਂ ਨੇ 50 ਮੀਟਰ ਦੌੜ ਵਿੱਚ ਭਾਗ ਲਿਆ। ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ ਵਿਦਿਆਰਥੀਆਂ ਵੱਲੋਂ ਭੰਗੜਾ ਪੇਸ਼ ਕੀਤਾ ਗਿਆ। ਆਰਮੀ ਕੈਡੇਟ ਕੋਰਪਸ ਅਤੇ ਮਾਰਸ਼ਲ ਆਰਟਸ ਵੀ ਉਤਸ਼ਾਹ ਦਾ ਹਿਸਾ ਸਨ। ਸਾਰੇ ਜੇਤੂਆਂ ਨੂੰ ਵੱਖ-ਵੱਖ ਕਾਰੋਬਾਰੀਆਂ ਵਲੋਂ ਸਪਾਂਸਰ ਕੀਤੇ ਮੈਡਲ ਅਤੇ ਗਿਫਟ ਕਾਰਡ ਵੰਡੇ ਗਏ। ਸਮਾਗਮ ਵਿੱਚ ਹਾਜ਼ਰ ਸਾਰਿਆਂ ਨੂੰ ਵੱਖ-ਵੱਖ ਤਰ੍ਹਾਂ ਦਾ ਮੁਫਤ ਭੋਜਨ ਪਰੋਸਿਆ ਗਿਆ। ਲਗਭਗ 20 ਸਥਾਨਕ ਅਤੇ ਪ੍ਰੋਫੈਸ਼ਨਲ ਪੰਜਾਬੀ ਗਾਇਕਾਂ ਨੇ ਇੱਕ ਪ੍ਰੋਫੈਸ਼ਨਲ ਮਿਊਜ਼ਿਕ ਗਰੁੱਪ ਦੇ ਨਾਲ ਸਟੇਜ 'ਤੇ ਪੇਸ਼ਕਾਰੀ ਕੀਤੀ।

ਇਸ ਮੇਲੇ ਦੀ ਖਾਸ ਗੱਲ ਇਹ ਸੀ ਕਿ ਇਸ ਮੇਲੇ ਵਿੱਚ ਬਹੁਤ ਸਾਰੇ ਪਰਿਵਾਰਾਂ (ਔਰਤਾਂ ਅਤੇ ਬੱਚਿਆਂ) ਨੇ ਭਾਗ ਲਿਆ। ਸਮਾਗਮ ਦੇ ਸਟੇਜ ਸਕੱਤਰ ਵਜੋਂ ਨਿਕਿਤਾ ਅਤੇ ਰੁਪਿੰਦਰ ਉਪਲ (ਮਾਸਟਰ ਜੀ) ਨੇ ਸੇਵਾ ਨਿਭਾਈ। ਮਾਸਟਰ ਜੀ ਨੇ ਆਪਣੇ ਵਿਲੱਖਣ ਬੋਲਣ ਦੇ ਹੁਨਰ ਨਾਲ ਸਟੇਜ ਨੂੰ ਘੰਟਿਆਂ ਬੱਧੀ ਬਖੂਬੀ ਸੰਭਾਲਿਆ। ਮਾਸਟਰ ਜੀ ਅਤੇ ਰਾਜਾ ਗਿੱਲ ਨੇ ਵੀ ਇੱਕ ਗੀਤ ਗਾਇਆ ਅਤੇ ਸਰੋਤਿਆਂ ਨੇ ਖੂਬ ਤਾੜੀਆਂ ਵਜਾਈਆਂ। ਰੀਜਨਲ ਕੌਂਸਲਰ ਕ੍ਰਿਸਟੀਨਾ ਅਰਲੀ ਅਤੇ ਕੌਂਸਲਰ ਡੇਵ ਸ਼ੀਨ ਤੋਂ ਇਲਾਵਾ, ਕੈਨੇਡਾ ਸਰਕਾਰ ਦੇ ਮੰਤਰੀ ਮਾਨਯੋਗ ਕਮਲ ਖਹਿਰਾ ਨੇ ਕੈਨੇਡਾ ਸਰਕਾਰ ਵਲੋਂ ਕੈਨੇਡਾ ਦਿਵਸ ਦੀਆਂ ਵਧਾਈਆਂ ਦਿੱਤੀਆਂ। ਸੀਨੀਅਰ ਐਸੋਸੀਏਸ਼ਨ ਵੱਲੋਂ ਸਮੂਹ ਸਿਆਸੀ ਆਗੂਆਂ ਨੂੰ ਟਰਾਫੀਆਂ ਦਿੱਤੀਆਂ ਗਈਆਂ। ਕਲੱਬ ਦੇ ਪ੍ਰਧਾਨ ਜਸਵੰਤ ਗਰੇਵਾਲ, ਮੀਤ ਪ੍ਰਧਾਨ ਅਵਤਾਰ ਉਪਲ, ਸਕੱਤਰ ਸੁਰਜੀਤ ਖਹਿਰਾ ਨੇ ਸਮੂਹ ਮੈਂਬਰਾਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ।

ਇਸ ਸ਼ਾਨਦਾਰ ਸਮਾਗਮ ਨੂੰ ਸਫਲ ਬਣਾਉਣ ਲਈ ਮਾਸਟਰ ਜੀ, ਜਗਰਾਜ, ਗੈਰੀ, ਭਿੰਦਰ, ਸੁਚੇਤ, ਨਿੱਕੂ, ਚਰਨਜੀਤ, ਹਰਨੇਕ, ਰਾਜਾ ਨੇ ਸਖ਼ਤ ਮਿਹਨਤ ਕੀਤੀ । ਟੀਮ ਵਲੋਂ ਸਮਾਗਮ ਨੂੰ ਸ਼ਾਨਦਾਰ ਅਤੇ ਯਾਦਗਾਰੀ ਬਣਾਉਣ ਲਈ ਸਾਰੇ ਮਾਣਮੱਤੇ ਸਪਾਂਸਰਾਂ, ਮੀਡੀਆ ਅਤੇ ਜਨਤਾ ਦਾ ਧੰਨਵਾਦ ਕੀਤਾ ਗਿਆ। ਇਸ ਮੇਲੇ ਨੇ ਕੈਲੇਡਨ ਉਂਟਾਰੀਓ ਕਨੇਡਾ ਦੇ ਕਸਬੇ ਵਿੱਚ ਇੱਕ ਮੀਲ ਪੱਥਰ ਰੱਖ ਦਿੱਤਾ ਹੈ।



# ਰੂਸ ਵਿਚ ਹੋਈ ਬਗਾਵਤ ਉਨ੍ਹਾਂ ਦਾ ਅੰਦਰੂਨੀ ਮਾਮਲਾ : ਟਰੂਡੋ



ਓਟਵਾ, 29 ਜੂਨ (ਪੋਸਟ ਬਿਊਰੋ) : ਇੰਤਹਾਪਸੰਦ ਆਗੂ ਵੱਲੋਂ ਵੀਕੈਂਡ ਉੱਤੇ ਰੂਸ ਵਿੱਚ ਕੀਤੀ ਗਈ ਬਗਾਵਤ ਦੇ ਮਾਮਲੇ ਉੱਤੇ ਕੈਨੇਡਾ ਵੱਲੋਂ ਬਾਰੀਕੀ ਨਾਲ ਨਜ਼ਰ ਰੱਖੀ ਜਾ ਰਹੀ ਹੈ। ਇਹ ਜਾਣਕਾਰੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਸੋਮਵਾਰ ਨੂੰ ਦਿੱਤੀ ਗਈ। ਉਨ੍ਹਾਂ ਆਖਿਆ ਕਿ ਰੂਸੀ ਪ੍ਰਚਾਰ ਨੂੰ ਹਵਾ ਦੇਣ ਦੀ ਥਾਂ ਇਸ ਸਥਿਤੀ ਨੂੰ ਅਣਗੌਲਿਆਂ ਕਰਨ ਵਿੱਚ ਹੀ ਭਲਾਈ ਹੈ ਤੇ ਇਸ ਲਈ ਸਾਨੂੰ ਪੂਰੀ ਅਹਿਤਿਆਤ ਤੋਂ ਕੰਮ ਲੈਣ ਦੀ ਲੋੜ ਹੈ।

ਇਹ ਬਗਾਵਤ ਸ਼ਨਿੱਚਰਵਾਰ ਨੂੰ ਇੰਤਹਾਪਸੰਦ ਅਰਧਸੈਨਿਕ ਆਰਗੇਨਾਈਜ਼ੇਸ਼ਨ, ਜਿਸ ਨੂੰ ਵੈਗਨਰ ਗਰੁੱਪ ਵੀ ਆਖਿਆ ਜਾਂਦਾ ਹੈ, ਦੇ ਆਗੂ ਯੇਵਗੇਨੀ ਪ੍ਰਿਗੋਜ਼ਿੰਨ ਦੀ ਅਗਵਾਈ ਵਿੱਚ ਕੀਤੀ ਗਈ। ਇਹ ਬਗਾਵਤ ਉਸ ਸਮੇਂ ਹੋਈ ਜਦੋਂ ਉੱਤਰੀ ਯੂਰਪ ਦੇ ਆਗੂ ਆਈਸਲੈਂਡ ਵਿੱਚ ਦੋ ਰੋਜ਼ਾ ਸਿਖਰ ਵਾਰਤਾ ਲਈ ਇੱਕਠੇ ਹੋਏ ਸਨ। ਇਸ ਵਿੱਚ ਟਰੂਡੋ ਵੱਲੋਂ ਵੀ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ ਸੀ। ਉਹ ਸੋਮਵਾਰ ਰਾਤ ਨੂੰ ਆਈਸਲੈਂਡ ਤੋਂ ਕੈਨੇਡਾ ਪਰਤੇ।

ਸੋਮਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਰੂਸ ਵਿੱਚ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਹੁੰਦਿਆਂ ਇਸ ਤਰ੍ਹਾਂ ਦੀ ਬਗਾਵਤ ਹੋਣਾ, ਰੂਸ ਦਾ ਅੰਦਰੂਨੀ ਮਾਮਲਾ ਹੈ ਤੇ ਉਸ ਨੂੰ ਆਪ ਹੀ ਇਸ ਨਾਲ ਨਜਿੱਠਣਾ ਹੋਵੇਗਾ। ਉਨ੍ਹਾਂ ਇੱਕ ਵਾਰੀ ਫਿਰ ਯੂਕਰੇਨ ਦੇ ਸਮਰਥਨ ਦਾ ਆਪਣਾ ਤਹੱਈਆ ਦੁਹਰਾਇਆ। ਟਰੂਡੋ ਨੇ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਤੇ ਯੂਕਰੇਨ ਦੇ ਪ੍ਰੈਜ਼ੀਡੈਂਟ ਵੋਲੋਦੀਮੀਰ ਜ਼ੈਲੈਂਸਕੀ ਨਾਲ ਵੀ ਐਤਵਾਰ ਨੂੰ ਗੱਲਬਾਤ ਕੀਤੀ।

ਬਾਇਡਨ ਨੇ ਆਖਿਆ ਕਿ ਉਹ ਵੀ ਇਸ ਮੁੱਦੇ ਉੱਤੇ ਜਨਤਕ ਤੌਰ ਉੱਤੇ ਕੋਈ ਬਿਆਨ ਨਹੀਂ ਦੇਣਾ ਚਾਹੁੰਦੇ ਕਿਉਂਕਿ ਉਹ ਨਹੀਂ ਚਾਹੁੰਦੇ ਕਿ ਇਸ ਬਗਾਵਤ ਨੂੰ ਸ਼ਹਿ ਦੇਣ ਦੇ ਦੋਸ਼ ਵੈਸਟ ਤੇ ਨਾਟੋ ਉੱਤੇ ਲਾਏ ਜਾਣ। ਉਨ੍ਹਾਂ ਇਹ ਗੱਲ ਵੀ ਜ਼ੋਰ ਦੇ ਕੇ ਆਖੀ ਕਿ ਇਸ ਬਗਾਵਤ ਵਿੱਚ ਅਮਰੀਕਾ ਤੇ ਇਸ ਦੇ ਫੌਜੀ ਭਾਈਵਾਲਾਂ ਦੀ ਕੋਈ ਭੂਮਿਕਾ ਨਹੀਂ ਰਹੀ।

# ਵਿਦੇਸ਼ੀ ਵਰਕਰਜ਼ ਨੂੰ ਆਕਰਸ਼ਿਤ ਕਰਨ ਲਈ ਸਰਕਾਰ ਨੇ ਨਵੇਂ ਡਿਜੀਟਲ ਨੋਮੈਡ ਪ੍ਰੋਗਰਾਮ ਦਾ ਕੀਤਾ ਐਲਾਨ



ਓਟਵਾ, 29 ਜੂਨ (ਪੋਸਟ ਬਿਊਰੋ) : ਇਮੀਗ੍ਰੇਸ਼ਨ ਮੰਤਰੀ ਸ਼ੌਨ ਫਰੇਜ਼ਰ ਵੱਲੋਂ ਡਿਜੀਟਲ ਟੇਲੈਂਟ ਨੂੰ ਕੈਨੇਡਾ ਆਕਰਸ਼ਿਤ ਕਰਨ ਲਈ ਨਵੀਂ ਰਣਨੀਤੀ ਪੇਸ਼ ਕੀਤੀ ਗਈ ਹੈ। ਇਸ ਵਿੱਚ ਡਿਜੀਟਲ ਨੋਮੈਡ ਪ੍ਰੋਗਰਾਮ ਨੂੰ ਸ਼ਾਮਲ ਕੀਤਾ ਗਿਆ ਹੈ, ਜਿਹੜਾ ਵਿਦੇਸ਼ੀਆਂ ਨੂੰ ਕੈਨੇਡਾ ਵਿੱਚ ਰਹਿ ਕੇ ਕੰਮ ਕਰਨ ਦੀ ਖੁੱਲ੍ਹ ਦੇਵੇਗਾ।

ਮੰਗਲਵਾਰ ਨੂੰ ਟੋਰਾਂਟੋ ਵਿੱਚ ਕੌਲੀਜ਼ਨ ਕਾਨਫਰੰਸ ਵਿਖੇ ਸਪੈਸ਼ਲ ਐਲਾਨ ਕਰਦਿਆਂ ਫਰੇਜ਼ਰ ਨੇ ਆਖਿਆ ਕਿ ਡਿਜੀਟਲ ਨੋਮੈਡ ਰਣਨੀਤੀ ਤਹਿਤ ਵਿਦੇਸ਼ੀ ਇੰਪਲੌਇਰ ਨਾਲ ਕੰਮ ਕਰ ਰਹੇ ਲੋਕਾਂ ਨੂੰ ਛੇ ਮਹੀਨਿਆਂ ਲਈ ਕੈਨੇਡਾ ਵਿੱਚ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ। ਫਰੇਜ਼ਰ ਨੇ ਇਸ ਬਾਰੇ ਹੋਰ ਜਾਣਕਾਰੀ ਦਿੰਦਿਆਂ ਆਖਿਆ ਕਿ ਇੱਥੇ ਰਹਿੰਦਿਆਂ ਜੇ ਇਨ੍ਹਾਂ ਲੋਕਾਂ ਨੂੰ ਜੌਬ ਆਫਰ ਹੁੰਦੀ ਹੈ ਤਾਂ ਅਸੀਂ ਉਨ੍ਹਾਂ ਨੂੰ ਕੈਨੇਡਾ ਵਿੱਚ ਰਹਿ ਕੇ ਕੰਮ ਕਰਨਾ ਜਾਰੀ ਰੱਖਣ ਦੀ ਖੁੱਲ੍ਹ ਦੇਵਾਂਗੇ।

ਜ਼ਿਕਰਯੋਗ ਹੈ ਕਿ ਪਹਿਲਾਂ ਤੋਂ ਹੀ ਇੱਕ ਅਜਿਹਾ ਪ੍ਰੋਗਰਾਮ ਹੈ ਜਿਸ ਤਹਿਤ ਵਿਦੇਸ਼ੀਆਂ ਨੂੰ ਆਪਣੇ ਜੌਬ ਆਫਰ ਨੂੰ ਕੈਨੇਡੀਅਨ ਵਰਕ ਪਰਮਿਟ ਵਿੱਚ ਤਬਦੀਲ ਕਰਨ ਦੀ ਖੁੱਲ੍ਹ ਹੈ। ਪਰ ਫਰੇਜ਼ਰ ਨੇ ਆਖਿਆ ਕਿ ਡਿਜੀਟਲ ਨੋਮੈਡ ਰਣਨੀਤੀ ਤਹਿਤ ਵਿਦੇਸ਼ੀ ਇੰਪਲੌਇਰ ਲਈ ਕੰਮ ਕਰ ਰਹੇ ਟੈਕ ਵਰਕਰ ਨੂੰ ਕੈਨੇਡਾ ਪਹੁੰਚ ਕੇ ਉਸੇ ਇੰਪਲੌਇਰ ਲਈ ਕੰਮ ਕਰਨਾ ਜਾਰੀ ਰੱਖਣ ਦੀ ਖੁੱਲ੍ਹ ਮਿਲੇਗੀ।

ਫਰੇਜ਼ਰ ਨੇ ਆਖਿਆ ਕਿ ਅਜੇ ਇਹ ਤੈਅ ਨਹੀਂ ਕੀਤਾ ਗਿਆ ਹੈ ਕਿ ਕਿੰਨੇ ਲੋਕ ਇਸ ਪ੍ਰੋਗਰਾਮ ਦਾ ਲਾਹਾ ਲੈ ਸਕਣਗੇ। ਉਨ੍ਹਾਂ ਇਹ ਵੀ ਆਖਿਆ ਕਿ ਇਹ ਪ੍ਰੋਗਰਾਮ ਮੰਗ ਦੇ ਆਧਾਰ ਉੱਤੇ ਚਲਾਇਆ ਜਾਵੇਗਾ ਨਾ ਕਿ ਸਰਕਾਰ ਵੱਲੋਂ ਤੈਅ ਕੀਤੀ ਗਈ ਕਿਸੇ ਬਣਾਉਟੀ ਲਿਮਿਟ ਤੱਕ ਇਸ ਨੂੰ ਚਲਾਇਆ ਜਾਵੇਗਾ। ਇਸ ਤੋਂ ਇਲਾਵਾ ਫਰੇਜ਼ਰ ਵੱਲੋਂ ਕੈਨੇਡਾ ਦੇ ਵੀਜ਼ਾ ਪ੍ਰੋਗਰਾਮ ਲਈ ਸਪੇਸਿਜ਼ ਦੀ ਗਿਣਤੀ, ਜੋ ਕਿ ਪਹਿਲਾਂ ਇੱਕ ਸਾਲ ਵਿੱਚ 1000 ਸਪੇਸਿਜ਼ ਸੀ, ਨੂੰ ਵਧਾ ਕੇ 3500 ਕਰ ਦਿੱਤਾ ਗਿਆ ਹੈ। ਇਸ ਨਾਲ ਕੰਪਨੀਆਂ ਕਾਇਮ ਕਰਨ ਵਾਲੇ ਕਾਰੋਬਾਰੀਆਂ ਨੂੰ ਪਰਮਾਨੈਂਟ ਰੈਜ਼ੀਡੈਂਸੀ ਹਾਸਲ ਕਰਨ ਦਾ ਰਾਹ ਲੱਭ ਜਾਵੇਗਾ। ਇਹ ਕੰਪਨੀਆਂ ਅਗਾਂਹ ਚੱਲ ਕੇ ਕੈਨੇਡੀਅਨਜ਼ ਨੂੰ ਨੌਕਰੀਆਂ ਦੇਣਗੀਆਂ।

# ਗਲੋਬਲ ਪੱਧਰ ਉੱਤੇ ਕੈਨੇਡਾ ਨੂੰ ਆਪਣਾ ਪ੍ਰਭਾਵ ਵਧਾਉਣ ਦੀ ਲੋੜ : ਜੋਲੀ



ਓਟਵਾ, 29 ਜੂਨ (ਪੋਸਟ ਬਿਊਰੋ) : ਵਿਦੇਸ਼ ਮੰਤਰੀ ਮਿਲੇਨੀ ਜੋਲੀ ਦਾ ਕਹਿਣਾ ਹੈ ਕਿ ਗਲੋਬਲ ਪੱਧਰ ਉੱਤੇ ਹੋ ਰਹੀਆਂ ਤਬਦੀਲੀਆਂ, ਯੂਕਰੇਨ ਦੀ ਜੰਗ ਤੇ ਚੀਨ ਨਾਲ ਗੁੰਝਲਦਾਰ ਸਬੰਧਾਂ ਦੇ ਚੱਲਦਿਆਂ ਕੈਨੇਡਾ ਨੂੰ ਵਿਸ਼ਵ ਮੰਚ ਉੱਤੇ ਆਪਣਾ ਪ੍ਰਭਾਵ ਵਧਾਉਣ ਲਈ ਹੰਭਲਾ ਮਾਰਨਾ ਹੋਵੇਗਾ।

ਇੱਕ ਇੰਟਰਵਿਊ ਵਿੱਚ ਜੋਲੀ ਨੇ ਆਖਿਆ ਕਿ ਉਹ ਘਰੇਲੂ ਪੱਧਰ ਉੱਤੇ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੀ ਹੈ ਕਿ ਕੈਨੇਡਾ ਦੇ ਡਿਪਲੋਮੈਟਸ ਆਪਣੇ ਕੰਮ ਵਿੱਚ ਪੂਰੀ ਤਰ੍ਹਾਂ ਮਾਹਿਰ ਹੋਣ ਤੇ ਵਿਦੇਸ਼ਾਂ ਵਿੱਚ ਕੰਮ ਕਰਦਿਆਂ ਉਨ੍ਹਾਂ ਵੱਲੋਂ ਅਹਿਮ ਮੁੱਦਿਆਂ ਉੱਤੇ ਧਿਆਨ ਕੇਂਦਰਿਤ ਕੀਤਾ ਜਾਵੇ। ਖਾਸ ਤੌਰ ਉੱਤੇ ਜਦੋਂ ਗੱਲ ਯੂਕਰੇਨ, ਇੰਡੋ ਪੈਸੇਫਿਕ ਰੀਜਨ ਤੇ ਆਰਕਟਿਕ ਦੀ ਆਉਂਦੀ ਹੈ ਤਾਂ ਸਾਨੂੰ ਖਾਸ ਅਹਿਤਿਆਤ ਵਰਤਣ ਦੀ ਲੋੜ ਹੈ।

ਜੋਲੀ ਨੇ ਆਖਿਆ ਕਿ ਵਿਸ਼ਵ ਪੱਧਰ ਉੱਤੇ ਸ਼ਕਤੀਆਂ ਦਾ ਢਾਂਚਾ ਬਦਲ ਰਿਹਾ ਹੈ ਤੇ ਸਾਨੂੰ ਆਪਣੀਆਂ ਕਦਰਾਂ ਕੀਮਤਾਂ ਨਾਲ ਸਮਝੌਤਾ ਕੀਤੇ ਬਿਨਾ ਆਪਣੇ ਹਿਤਾਂ ਦੀ ਰਾਖੀ ਕਰਨੀ ਹੋਵੇਗੀ ਤੇ ਇਸ ਦੇ ਨਾਲ ਹੀ ਸਾਨੂੰ ਆਪਣਾ ਪ੍ਰਭਾਂਵ ਵੀ ਵਧਾਉਣਾ ਹੋਵੇਗਾ। ਉਨ੍ਹਾਂ ਇਹ ਵੀ ਆਖਿਆ ਕਿ ਸ਼ਕਤੀਆਂ ਵਿੱਚ ਹੋ ਰਹੇ ਢਾਂਚਾਗਤ ਬਦਲਾਅ ਪਿੱਛੇ ਬਹੁਤਾ ਕਰਕੇ ਚੀਨ ਤੇ ਇੰਡੋਪੈਸੇਫਿਕ ਰੀਜਨ ਜ਼ਿੰਮੇਵਾਰ ਹਨ। ਇਸ ਦੌਰਾਨ ਨਾ ਤਾਂ ਜੋਲੀ ਤੇ ਨਾ ਹੀ ਚੀਨ ਵਿੱਚ ਕੈਨੇਡਾ ਦੀ ਸਫੀਰ ਜੈਨੀਫਰ ਮੇਅ ਨੇ ਚੀਨ ਨਾਲ ਸਬੰਧਾਂ ਨੂੰ ਵਿਰੋਧਾਤਮਕ ਦੱਸਿਆ ਸਗੋਂ ਦੋਵਾਂ ਨੇ ਆਖਿਆ ਕਿ ਇਹ ਸਬੰਧ ਗੁੰਝਲਦਾਰ ਹਨ। ਜ਼ਿਕਰਯੋਗ ਹੈ ਕਿ ਕੈਨੇਡੀਅਨ ਸਿਆਸਤ ਵਿੱਚ ਚੀਨੀ ਦਖ਼ਲਅੰਦਾਜ਼ੀ ਕਾਰਨ ਦੋਵਾਂ ਦੇਸ਼ਾਂ ਦੇ ਸਬੰਧ ਕਾਫੀ ਉਲਝ ਚੁੱਕੇ ਹਨ।

ਅਮਰੀਕਾ ਸਮੇਤ ਦੁਨੀਆਂ ਦੇ ਕਈ ਹੋਰ ਦੇਸ਼ ਵੀ ਇਹ ਸੋਚਣ ਲਈ ਮਜ਼ਬੂਰ ਹਨ ਕਿ ਚੀਨ ਨਾਲ ਕਿਸ ਤਰ੍ਹਾਂ ਸਿੱਝਿਆ ਜਾਵੇ। ਪਿੱਛੇ ਜਿਹੇ ਅਮਰੀਕੀ ਅਧਿਕਾਰੀਆਂ ਵੱਲੋਂ ਇਹ ਆਖਿਆ ਗਿਆ ਸੀ ਕਿ ਉਹ ਡਿਪਲੋਮੇਸੀ ਰਾਹੀਂ ਸਬੰਧ ਨਵੇਂ ਸਿਰੇ ਤੋਂ ਸ਼ੁਰੂ ਕਰਨਾ ਚਾਹੁੰਦੇ ਹਨ। ਇਸ ਸਬੰਧ ਵਿੱਚ ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਵੱਲੋਂ ਪਿਛਲੇ ਹਫਤੇ ਬੀਜਿੰਗ ਦਾ ਦੌਰਾ ਵੀ ਕੀਤਾ ਗਿਆ ਸੀ। ਜੋਲੀ ਨੇ ਇਹ ਸੰਕੇਤ ਨਹੀਂ ਦਿੱਤਾ ਕਿ ਉਹ ਵੀ ਨੇੜ ਭਵਿੱਖ ਵਿੱਚ ਚੀਨ ਜਾਵੇਗੀ ਪਰ ਉਨ੍ਹਾਂ ਆਖਿਆ ਕਿ ਕੁੱਝ ਮੁੱਦੇ ਹਨ ਜਿਹੜੇ ਪਹਿਲ ਦੇ ਆਧਾਰ ਉੱਤੇ ਹੱਲ ਕੀਤੇ ਜਾਣੇ ਬਣਦੇ ਹਨ ਜਿਵੇਂ ਕਿ ਕੈਨੇਡਾ ਦੀ ਜਮਹੂਰੀਅਤ ਵਿੱਚ ਬੀਜਿੰਗ ਦੀ ਦਖ਼ਲਅੰਦਾਜ਼ੀ ਦਾ ਮੁੱਦਾ।




# ਫਰਾਡ ਦੇ ਸ਼ਿਕਾਰ ਇੰਟਰਨੈਸ਼ਨਲ ਵਿਦਿਆਰਥੀਆਂ ਦੀ ਮਦਦ ਲਈ ਆਈਆਰਸੀਸੀ ਵੱਲੋਂ ਮਾਰੇ ਜਾ ਰਹੇ ਹੰਭਲੇ ਦੀ ਸਹੋਤਾ ਨੇ ਕੀਤੀ ਸ਼ਲਾਘਾ




ਓਟਵਾ, 29 ਜੂਨ (ਪੋਸਟ ਬਿਊਰੋ) : ਸਟੱਡੀ ਪਰਮਿਟ ਅਰਜ਼ੀਆਂ ਦੇ ਨਾਲ ਜਾਅਲੀ ਐਕਸੈਪਟੈਂਸ ਲੈਟਰਜ਼ ਲਾਉਣ ਦੇ ਮਾਮਲੇ ਵਿੱਚ ਕੈਨੇਡਾ ਤੋਂ ਡੀਪੋਰਟ ਕਰਨ ਦੀ ਕਗਾਰ ਉੱਤੇ ਪਹੁੰਚ ਚੁੱਕੇ ਇੰਟਰਨੈਸ਼ਨਲ ਸਟੂਡੈਂਟਸ ਤੇ ਗ੍ਰੈਜੂਏਟਸ ਦੇ ਪੱਖ ਵਿੱਚ ਬਰੈਂਪਟਨ ਨੌਰਥ ਤੋਂ ਐਮਪੀ ਰੂਬੀ ਸਹੋਤਾ ਨੇ ਵੀ ਬੀਤੇ ਦਿਨੀਂ ਹਾਅ ਦਾ ਨਾਅਰਾ ਮਾਰਿਆ।

ਬੀਤੇ ਦਿਨੀਂ ਰੂਬੀ ਸਹੋਤਾ ਵੱਲੋਂ ਇਮੀਗ੍ਰੇਸ਼ਨ ਮੰਤਰੀ ਸ਼ਾਨ ਫਰੇਜ਼ਰ ਤੇ ਹੋਰਨਾਂ ਫੈਡਰਲ ਮੰਤਰੀਆਂ ਨਾਲ ਰਲ ਕੇ ਇੱਕ ਬਿਆਨ ਜਾਰੀ ਕੀਤਾ ਗਿਆ। ਇਸ ਬਿਆਨ ਰਾਹੀਂ ਆਈਆਰਸੀਸੀ ਦੀਆਂ ਕੋਸ਼ਿਸ਼ਾਂ ਦੀ ਸਿਫਤ ਕੀਤੀ ਗਈ। ਜ਼ਿਕਰਯੋਗ ਹੈ ਕਿ ਆਈਆਰਸੀਸੀ ਵੱਲੋਂ ਇਮੀਗ੍ਰੇਸ਼ਨ ਅਧਿਕਾਰੀਆਂ ਦੀ ਇੱਕ ਟਾਸਕ ਫੋਰਸ ਬਣਾਈ ਗਈ ਹੈ ਜਿਹੜੀ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐਸਏ) ਨਾਲ ਰਲ ਕੇ ਫਰਾਡ ਦੇ ਸ਼ਿਕਾਰ ਵਿਦਿਆਰਥੀਆਂ ਦੀ ਪਛਾਣ ਕਰੇਗੀ। ਜੇ ਇਹ ਤੈਅ ਹੋ ਜਾਂਦਾ ਹੈ ਕਿ ਸਬੰਧਤ ਵਿਦਿਆਰਥੀ ਕੈਨੇਡਾ ਵਿੱਚ ਇੰਟਰਨੈਸ਼ਨਲ ਸਟੂਡੈਂਟ ਵਜੋਂ ਸੱਚਮੁੱਚ ਪੜ੍ਹਨ ਦੇ ਇਰਾਦੇ ਨਾਲ ਹੀ ਆਇਆ ਹੈ ਤਾਂ ਅਧਿਕਾਰੀਆਂ ਨੂੰ ਅਜਿਹੇ ਵਿਦਿਆਰਥੀ ਨੂੰ ਟੈਂਪਰੇਰੀ ਰੈਜ਼ੀਡੈਂਟ ਪਰਮਿਟ ਜਾਰੀ ਕਰਨ ਦੀ ਹਦਾਇਤ ਦਿੱਤੀ ਗਈ ਹੈ ਤਾਂ ਕਿ ਉਹ ਵਿਦਿਆਰਥੀ ਕੈਨੇਡਾ ਵਿੱਚ ਰਹਿ ਕੇ ਆਪਣੀ ਪੜ੍ਹਾਈ ਪੂਰੀ ਕਰ ਸਕੇ।

ਟੈਂਪਰੇਰੀ ਰੈਜ਼ੀਡੈਂਟ ਪਰਮਿਟ ਮੁਹੱਈਆ ਕਰਵਾਏ ਜਾਣ ਨਾਲ ਇਹ ਯਕੀਨੀ ਬਣਾਇਆ ਜਾਵੇਗਾ ਕਿ ਇਹ ਵਿਦਿਆਰਥੀ ਤੇ ਗ੍ਰੈਜੂਏਟਸ ਕੈਨੇਡਾ ਵਿੱਚ ਰਹਿ ਸਕਦੇ ਹਨ ਤੇ ਉਨ੍ਹਾਂ ਦੇ ਮੁੜ ਕੈਨੇਡਾ ਦਾਖਲ ਹੋਣ ਉੱਤੇ 5 ਸਾਲ ਦੀ ਪਾਬੰਦੀ ਨਹੀਂ ਲੱਗੇਗੀ। ਇਹ ਪਰਮਿਟ ਉਸ ਸਮੇਂ ਹੀ ਜਾਰੀ ਕੀਤਾ ਜਾਵੇਗਾ ਜਿਨ੍ਹਾਂ ਦੇ ਮਾਮਲੇ ਇਸ ਸਮੇਂ ਵਿਚਾਰ ਅਧੀਨ ਹਨ। ਇਸ ਦੌਰਾਨ ਧੋਖਾਧੜੀ ਕਰਨ ਵਾਲਿਆਂ ਤੇ ਗੜਬੜ ਕਰਕੇ ਕੈਨੇਡਾ ਪਹੁੰਚਣ ਵਾਲਿਆਂ ਤੋਂ ਨੇਕ ਨੀਅਤ ਨਾਲ ਇੱਧਰ ਪੜ੍ਹਾਈ ਕਰਨ ਆਏ ਵਿਦਿਆਰਥੀਆਂ ਨੂੰ ਵੱਖ ਕਰਨ ਉੱਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ।

ਇਸ ਦੌਰਾਨ ਸਹੋਤਾ ਨੇ ਆਖਿਆ ਕਿ ਉਨ੍ਹਾਂ ਵੱਲੋਂ ਇਸ ਤਰ੍ਹਾਂ ਦੇ ਫਰਾਡ ਦਾ ਸ਼ਿਕਾਰ ਹੋਏ ਕਈ ਇੰਟਰਨੈਸ਼ਨਲ ਵਿਦਿਆਰਥੀਆਂ ਨਾਲ ਮੁਲਾਕਾਤ ਕੀਤੀ ਗਈ ਤੇ ਇਸ ਤੋਂ ਸਾਫ ਹੋ ਗਿਆ ਕਿ ਕਈ ਇੰਟਰਨੈਸ਼ਨਲ ਵਿਦਿਆਰਥੀ, ਜਿਨ੍ਹਾਂ ਵਿੱਚੋਂ ਬਹੁਤੇ ਪੰਜਾਬੀ ਹਨ, ਨਾਲ ਇਮੀਗ੍ਰੇਸ਼ਨ ਐਪਲੀਕੇਸ਼ਨ ਪ੍ਰਕਿਰਿਆ ਵਿੱਚ ਮਦਦ ਦੇ ਨਾਂ ਉੱਤੇ ਫਰਾਡ ਹੋਇਆ। ਇਸ ਤਰ੍ਹਾਂ ਦੇ ਠੱਗ ਏਜੰਟਾ ਦੀ ਗਲਤੀ ਦਾ ਖਮਿਆਜਾ ਤੇ ਜੁਰਮਾਨਾ ਇਨ੍ਹਾਂ ਵਿਦਿਆਰਥੀਆਂ ਨੂੰ ਨਹੀਂ ਭਰਨਾ ਚਾਹੀਦਾ। ਇਸ ਲਈ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਅਜਿਹੇ ਵਿਦਿਆਰਥੀਆਂ ਦੀ ਪੂਰੀ ਮਦਦ ਕੀਤੀ ਜਾ ਸਕੇ ਤੇ ਉਨ੍ਹਾਂ ਦੇ ਕੇਸ ਮੁੜ ਵਿਚਾਰੇ ਜਾਣ।

ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਵਾਪਰਨ ਤੋਂ ਰੋਕਣ ਲਈ ਆਈਆਰਸੀਸੀ ਡੈਜ਼ੀਗਨੇਟਿਡ ਲਰਨਿੰਗ ਇੰਸਟੀਚਿਊਸ਼ਨਜ਼ (ਡੀਐਲਆਈਜ਼), ਪ੍ਰੋਵਿੰਸਾਂ ਤੇ ਟੈਰੇਟਰੀਜ਼ ਤੇ ਕੈਨੇਡਾ ਦੇ ਕਾਲਜਾਂ ਤੇ ਯੂਨੀਵਰਸਿਟੀਜ਼ ਦੀ ਨੁਮਾਇੰਦਗੀ ਕਰਨ ਵਾਲੀਆਂ ਆਰਗੇਨਾਈਜ਼ੇਸ਼ਨਜ਼ ਨਾਲ ਰਲ ਕੇ ਕੰਮ ਕਰ ਰਹੀ ਹੈ।








# ਖ਼ਬਰਾਂ ਵਤਨ ਦੀਆਂ

## ਬੈੱਡ 'ਤੇ 500 ਦੇ ਨੋਟਾਂ ਦੇ 27 ਬੰਡਲਾਂ ਨਾਲ ਥਾਣੇਦਾਰ ਦੇ ਬੱਚਿਆਂ ਨੇ ਲਈ ਸੈਲਫੀ, ਥਾਣੇਦਾਰ ਲਾਈਨ ਹਾਜ਼ਰ

ਉਨਾਵ, 29 ਜੂਨ (ਪੋਸਟ ਬਿਊਰੋ): ਉਨਾਵ ਤੋਂ ਵੱਡੀ ਖਬਰ ਹੈ। ਬੇਹਟਾ ਮੁਜਾਵਰ ਥਾਣੇ ਵਿਚ ਤਾਇਨਾਤ ਥਾਣਾ ਇੰਚਾਰਜ ਦੇ ਘਰ ਦੀਆਂ ਕੁਝ ਤਸਵੀਰਾਂ ਸਾਹਮਣੇ ਆਈਆਂ ਹਨ। ਇਨ੍ਹਾਂ ਵਿਚ ਦੋ ਬੱਚੇ 500-500 ਰੁਪਏ ਦੇ 27 ਬੰਡਲਾਂ ਨਾਲ ਮੰਜੇ 'ਤੇ ਬੈਠੇ ਨਜ਼ਰ ਆ ਰਹੇ ਹਨ। ਫੋਟੋ ਵਿਚ ਬੱਚਿਆਂ ਨਾਲ ਉਨ੍ਹਾਂ ਦਾ ਪਰਿਵਾਰ ਵੀ ਲੱਖਾਂ ਰੁਪਏ ਦੇ ਨੋਟਾਂ ਦੇ ਬੰਡਲਾਂ ਨਾਲ ਸੈਲਫੀ ਲੈਂਦੇ ਨਜ਼ਰ ਆ ਰਹੇ ਹਨ।

ਫੋਟੋ ਵਿਚ ਦਿਖਾਈ ਦੇ ਰਹੇ ਬੰਡਲ ਦੀ ਕੀਮਤ ਕਰੀਬ 14 ਲੱਖ ਰੁਪਏ ਦੱਸੀ ਜਾ ਰਹੀ ਹੈ। ਫੋਟੋ ਸਾਹਮਣੇ ਆਉਣ ਤੋਂ ਬਾਅਦ ਐੱਸ.ਪੀ. ਨੇ ਮਾਮਲੇ ਦੀ ਜਾਂਚ ਸੀ.ਓ. ਬੰਗੜਮਾਊ ਪੰਕਜ ਸਿੰਘ ਨੂੰ ਸੌਂਪ ਦਿੱਤੀ ਹੈ। ਇਸ ਦੇ ਨਾਲ ਹੀ ਸੀ.ਓ. ਬੰਗੜਮਾਊ ਨੇ ਥਾਣਾ ਇੰਚਾਰਜ ਰਮੇਸ਼ਚੰਦਰ ਸਾਹਨੀ ਨੂੰ ਲਾਈਨ ਹਾਜ਼ਰ ਕਰ ਦਿੱਤਾ ਹੈ। 2 ਸਾਲ ਪਹਿਲਾਂ ਰਮੇਸ਼ਚੰਦਰ ਹਰਦੋਈ ਤੋਂ ਬਦਲੀ ਕਰ ਕੇ ਆਏ ਸਨ। ਦਰਅਸਲ ਵੀਰਵਾਰ ਨੂੰ ਸੋਸ਼ਲ ਮੀਡੀਆ 'ਤੇ ਕੁਝ ਤਸਵੀਰਾਂ ਸਾਹਮਣੇ ਆਈਆਂ ਹਨ। ਫੋਟੋ 'ਚ ਦੋ ਬੱਚੇ ਬੈੱਡ 'ਤੇ 5-5 ਸੌ ਦੇ ਨੋਟਾਂ ਦੇ ਦਰਜਨਾਂ ਬੰਡਲਾਂ ਨਾਲ ਖੇਡਦੇ ਦਿਖਾਈ ਦੇ ਰਹੇ ਹਨ। ਇੰਨੀ ਵੱਡੀ ਰਕਮ ਵਾਲੇ ਬੱਚਿਆਂ ਦੀ ਫੋਟੋ ਵਾਇਰਲ ਹੋਣ ਕਾਰਨ ਪੁਲਿਸ ਵਿਭਾਗ ਵਿੱਚ ਹੜਕੰਪ ਮੱਚ ਗਿਆ ਹੈ। ਪੁਲਸ ਨੇ ਜਦੋਂ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਇਹ ਫੋਟੋ



ਉਨਾਵ ਦੇ ਬੇਹਟਾ ਮੁਜਾਵਰ ਪੁਲਸ ਥਾਣੇ 'ਚ ਤਾਇਨਾਤ ਸਟੇਸ਼ਨ ਇੰਚਾਰਜ ਰਮੇਸ਼ਚੰਦਰ ਸਾਹਨੀ ਦੇ ਘਰ ਦੀ ਹੈ। ਉਸ ਦੇ ਦੋਵੇਂ ਬੱਚਿਆਂ ਨੇ ਪੈਸਿਆਂ ਨਾਲ ਸੈਲਫੀਆਂ ਲਈਆਂ ਹਨ।

ਸ਼ੋਸ਼ਲ ਮੀਡੀਆ 'ਤੇ ਫੋਟੋ ਵਾਇਰਲ ਹੋਣ ਤੋਂ ਬਾਅਦ ਐੱਸ.ਪੀ. ਸਿਧਾਰਥ ਸ਼ੰਕਰ ਮੀਨਾ ਨੇ ਜਾਂਚ ਬਾਂਗਰਮਾਊ ਦੇ ਸੀ.ਓ. ਨੂੰ ਸੌਂਪ ਦਿੱਤੀ ਹੈ। ਕੁਝ ਸਮੇਂ ਬਾਅਦ ਸੀ.ਓ. ਨੇ ਰਮੇਸ਼ਚੰਦਰ ਸਾਹਨੀ ਨੂੰ ਮੁੱਢਲੀ ਜਾਂਚ ਵਿਚ ਦੋਸ਼ੀ ਪਾਏ ਜਾਣ 'ਤੇ ਤੁਰੰਤ ਪ੍ਰਭਾਵ ਨਾਲ ਲਾਈਨ ਹਾਜ਼ਰ ਕਰ ਦਿੱਤਾ। ਇਸ ਦੇ ਨਾਲ ਹੀ ਵਿਭਾਗੀ ਜਾਂਚ ਦੇ ਆਦੇਸ਼ ਦਿੱਤੇ ਗਏ ਹਨ।

ਥਾਣਾ ਇੰਚਾਰਜ ਰਮੇਸ਼ਚੰਦਰ ਸਾਹਨੀ ਨੇ ਦੱਸਿਆ ਕਿ ਇਹ ਤਸਵੀਰ ਦੋ ਸਾਲ ਪੁਰਾਣੀ ਹੈ। ਮੈਂ ਆਪਣਾ ਘਰ ਬਣਾਉਣ ਲਈ ਇਹ ਪੈਸੇ ਕੁਝ ਲੋਕਾਂ ਤੋਂ ਉਧਾਰ ਲਏ ਸਨ, ਬੱਚੇ ਪੈਸੇ ਦੇਖ ਕੇ ਖੁਸ਼ ਹੋ ਗਏ ਅਤੇ ਸੈਲਫੀ ਲਈ। ਤਸਵੀਰਾਂ ਹੁਣ ਸੋਸ਼ਲ ਮੀਡੀਆ 'ਤੇ ਸਾਹਮਣੇ ਆਈਆਂ ਹਨ। ਇਹ ਤਸਵੀਰ ਕਿਵੇਂ ਵਾਇਰਲ ਹੋਈ, ਬੱਚਿਆਂ ਨਾਲ ਗੱਲ ਕਰਨ ਤੋਂ ਬਾਅਦ ਹੀ ਪਤਾ ਲੱਗੇਗਾ।

## ਹੈਦਰਾਬਾਦ ਦੇ ਇੱਕ ਪਿੰਡ ਵਿਚੋਂ ਜੈਨ ਤੀਰਥੰਕਰਾਂ ਦੀਆਂ 1000 ਸਾਲ ਪੁਰਾਣੀਆਂ ਮੂਰਤੀਆਂ ਮਿਲੀਆਂ

ਹੈਦਰਾਬਾਦ, 29 ਜੂਨ (ਪੋਸਟ ਬਿਊਰੋ): ਹੈਦਰਾਬਾਦ ਦੇ ਬਾਹਰਵਾਰ ਇੱਕ ਪਿੰਡ ਵਿੱਚ ਜੈਨ ਤੀਰਥੰਕਰਾਂ ਦੀਆਂ 1000 ਸਾਲ ਪੁਰਾਣੀਆਂ ਮੂਰਤੀਆਂ ਅਤੇ ਸ਼ਿਲਿਲੇਖਾਂ ਵਾਲੇ ਦੋ ਚੌਰਸ ਥੰਮ੍ਹ ਮਿਲੇ ਹਨ, ਜੋ 9ਵੀਂ-10ਵੀਂ ਸਦੀ ਈਸਾ ਪੂਰਵ ਵਿੱਚ ਇਸ ਖੇਤਰ ਦੇ ਆਲੇ-ਦੁਆਲੇ ਇੱਕ ਜੈਨ ਮੱਠ ਦੀ ਹੋਂਦ ਦਾ ਸੰਕੇਤ ਦਿੰਦੇ ਹਨ। ਪ੍ਰਸਿੱਧ ਪੁਰਾਤੱਤਵ-ਵਿਗਿਆਨੀ ਅਤੇ ਸਾਬਕਾ ਸਰਕਾਰੀ ਅਧਿਕਾਰੀ ਈ. ਸ਼ਿਵਨਾਗੀ ਰੈਡੀ ਨੇ ਕਿਹਾ ਕਿ ਨੌਜਵਾਨ ਪੁਰਾਤੱਤਵ ਵਿਗਿਆਨੀ ਅਤੇ ਵਿਰਾਸਤੀ



ਕਾਰਜਕਰਤਾ ਪੀ. ਸ੍ਰੀਨਾਥ ਰੈੱਡੀ ਵਲੋਂ ਦੋ ਥੰਮ੍ਹਾਂ ਦੀ ਮੌਜੂਦਗੀ ਬਾਰੇ ਸੂਚਿਤ ਕੀਤੇ ਜਾਣ ਤੋਂ ਬਾਅਦ ਉਨ੍ਹਾਂ ਨੇੜਲੇ ਰੰਗਾ ਰੈੱਡੀ ਜ਼ਿਲ੍ਹੇ ਦੇ ਮੋਇਨਾਬਾਦ ਮੰਡਲ ਦੇ ਏਨੀਕੇਪੱਲੀ ਪਿੰਡ ਵਿੱਚ ਸਾਈਟ ਦਾ ਨਿਰੀਖਣ ਕੀਤਾ।

ਸ਼ਿਵਾਗੀ ਰੈਡੀ ਨੇ ਦੱਸਿਆ ਕਿ ਜਿਹੜੇ ਦੋ ਵਰਗਾਕਾਰ ਥੰਮ੍ਹ ਮਿਲੇ ਹਨ, 'ਚੋਂ ਇੱਕ ਗ੍ਰੇਨਾਈਟ ਦਾ ਅਤੇ ਦੂਜਾ ਬਲੈਕ ਬੇਸਾਲਟ ਦਾ ਹੈ। ਇਨ੍ਹਾਂ ਥੰਮ੍ਹਾਂ ਵਿੱਚ ਚਾਰ ਜੈਨ ਤੀਰਥੰਕਰ ਅਰਥਾਤ ਆਦਿਨਾਥ, ਨੇਮੀਨਾਥ, ਪਾਰਸ਼ਵਨਾਥ ਅਤੇ ਵਰਧਮਾਨ ਮਹਾਵੀਰ ਧਿਆਨ ਦੀ ਮੁਦਰਾ ਵਿੱਚ ਬੈਠੇ ਦਿਖਾਈ ਦਿੰਦੇ ਹਨ। ਦੋਵਾਂ ਥੰਮ੍ਹਾਂ 'ਤੇ ਤੇਲਗੂ-ਕੰਨੜ ਲਿਪੀ ਵਿਚ ਸ਼ਿਲਾਲੇਖ ਹਨ, ਜਿਨ੍ਹਾਂ ਨੂੰ ਪੜ੍ਹਿਆ ਨਹੀਂ ਜਾ ਸਕਦਾ। ਇਹ ਥੰਮ੍ਹ ਪਿੰਡ ਦੇ ਛੱਪੜ ਦੀਆਂ ਕੰਧਾਂ ਵਿੱਚ ਲੱਗੇ ਹੋਏ ਹਨ।

## 3 ਜੁਲਾਈ ਨੂੰ ਹੋਵੇਗੀ ਕੇਂਦਰੀ ਮੰਤਰੀ ਮੰਡਲ ਦੀ ਮੀਟਿੰਗ, ਪ੍ਰਧਾਨ ਮੰਤਰੀ ਮੋਦੀ ਕਰਨਗੇ ਪ੍ਰਧਾਨਗੀ

ਨਵੀਂ ਦਿੱਲੀ, 29 ਜੂਨ (ਪੋਸਟ ਬਿਊਰੋ): ਪ੍ਰਧਾਨ ਮੰਤਰੀ ਨਰਿੰਦਰ ਮੋਦੀ 3 ਜੁਲਾਈ ਨੂੰ ਕੇਂਦਰੀ ਮੰਤਰੀ ਮੰਡਲ ਦੀ ਮੀਟਿੰਗ ਦੀ ਪ੍ਰਧਾਨਗੀ ਕਰਨਗੇ। ਇਹ ਬੈਠਕ ਦਿੱਲੀ ਦੇ ਪ੍ਰਗਤੀ ਮੈਦਾਨ ਸਥਿਤ ਕਨਵੈਨਸ਼ਨ ਸੈਂਟਰ 'ਚ ਹੋਵੇਗੀ, ਜਿੱਥੇ ਸਤੰਬਰ 'ਚ ਜੀ-20 ਸੰਮੇਲਨ ਵੀ ਹੋਣਾ ਹੈ।

ਇਹ ਖਬਰ ਪ੍ਰਧਾਨ ਮੰਤਰੀ ਮੋਦੀ ਦੀ ਪਾਰਟੀ ਦੇ ਸੀਨੀਅਰ ਨੇਤਾਵਾਂ ਨਾਲ ਬੈਠਕ ਤੋਂ ਇਕ ਦਿਨ ਬਾਅਦ ਆਈ ਹੈ। ਅਜਿਹੇ ਵਿੱਚ ਅਟਕਲਾਂ ਲਗਾਈਆਂ ਜਾ ਰਹੀਆਂ ਹਨ ਕਿ ਮੀਟਿੰਗ ਵਿੱਚ ਮੰਤਰੀ ਮੰਡਲ ਵਿੱਚ ਫੇਰਬਦਲ ਹੋ ਸਕਦਾ ਹੈ।

ਦੱਸ ਦੇਈਏ ਕਿ 28 ਜੂਨ ਨੂੰ ਪ੍ਰਧਾਨ ਮੰਤਰੀ ਮੋਦੀ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਜੇ.ਪੀ. ਨੱਡਾ ਸਮੇਤ ਕਈ ਦਿੱਗਜ ਨੇਤਾਵਾਂ ਨਾਲ ਮੀਟਿੰਗ ਕੀਤੀ ਸੀ। ਮੀਟਿੰਗ 'ਚ ਨੱਡਾ ਦੀ ਮੌਜੂਦਗੀ ਨਾਲ ਸੂਬਾ ਪੱਧਰ ਤੋਂ ਸਰਕਾਰ ਅਤੇ ਭਾਜਪਾ ਸੰਗਠਨ 'ਚ ਬਦਲਾਅ ਦੀਆਂ ਅਟਕਲਾਂ ਤੇਜ਼ ਹੋ ਗਈਆਂ ਹਨ।

## ਦਿੱਲੀ ਵਿੱਚ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਆਸਟ੍ਰੇਲੀਅਨ ਹਾਈ ਕਮਿਸ਼ਨਰ ਬੈਰੀ ਓ ਫੈਰੇਲ ਨਾਲ ਕੀਤੀ ਮੁਲਾਕਾਤ

ਨਵੀਂ ਦਿੱਲੀ, 29 ਜੂਨ (ਪੋਸਟ ਬਿਊਰੋ): ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਵੀਰਵਾਰ ਨੂੰ ਭਾਰਤ 'ਚ ਜਰਮਨ ਏਕਰਮੈਨ ਅਤੇ ਆਸਟ੍ਰੇਲੀਆਈ ਹਾਈ ਕਮਿਸ਼ਨਰ ਬੈਰੀ ਓ'ਫੇਰੇਲ ਨਾਲ ਮੁਲਾਕਾਤ ਕੀਤੀ। ਇਹ ਮੁਲਾਕਾਤ ਇੱਥੇ ਖੜਗੇ ਦੇ ਘਰ 10, ਰਾਜਾਜੀ ਮਾਰਗ 'ਤੇ ਹੋਈ ਅਤੇ ਦੋਹਾਂ ਦੇਸ਼ਾਂ ਨਾਲ ਭਾਰਤ ਦੇ ਸੰਬੰਧਾਂ ਨੂੰ ਮਜ਼ਬੂਤ ਬਣਾਉਣ ਦੇ ਤਰੀਕਿਆਂ 'ਤੇ ਚਰਚਾ ਕੀਤੀ ਗਈ। ਖੜਗੇ ਨੇ ਬਾਅਦ 'ਚ ਇਨ੍ਹਾਂ ਬੈਠਕਾਂ ਦੀਆਂ ਤਸਵੀਰਾਂ ਟਵੀਟ ਕੀਤੀਆਂ। ਉਨ੍ਹਾਂ ਕਿਹਾ ਕਿ ਭਾਰਤ ਜਰਮਨੀ ਨਾਲ ਡਿਪਲੋਮੈਟ ਸੰਬੰਧ ਸਥਾਪਤ ਕਰਨ ਵਾਲੇ ਪਹਿਲੇ ਦੇਸ਼ਾਂ 'ਚੋਂ ਇਕ ਸੀ।



ਉਨ੍ਹਾਂ ਕਿਹਾ,''ਅੱਜ ਜਰਮਨੀ ਦੋ-ਪੱਖੀ ਅਤੇ ਗਲੋਬਲ ਸੰਦਰਭ 'ਚ ਭਾਰਤ ਦੇ ਸਭ ਤੋਂ ਕੀਮਤੀ ਸਹਿਯੋਗੀਆਂ 'ਚੋਂ ਇਕ ਹੈ।'' ਉਨ੍ਹਾਂ ਟਵੀਟ ਕੀਤਾ,''ਭਾਰਤ 'ਚ ਜਰਮਨੀ ਦੇ ਰਾਜਦੂਤ ਮਾਨਯੋਗ ਡਾ. ਫਿਲਿਪ ਏਕਰਮੈਨ ਨਾਲ ਮੁਲਾਕਾਤ ਕੀਤੀ ਅਤੇ ਉੱਚ ਪੱਧਰੀ ਭਰੋਸੇ ਅਤੇ ਸਨਮਾਨ ਦਰਮਿਆਨ ਸਾਂਝੀ ਲੋਕਤੰਤਰੀ ਸਿਧਾਂਤਾਂ 'ਤੇ ਆਧਾਰਤ ਡੂੰਘੀ ਰਣਨੀਤਕ ਸਾਂਝੇਦਾਰੀ 'ਤੇ ਵਿਚਾਰ-ਵਟਾਂਦਰਾ ਕੀਤਾ।'' ਖੜਗੇ ਨੇ ਇਕ ਹੋਰ ਟਵੀਟ 'ਚ ਕਿਹਾ ਕਿ ਭਾਰਤ ਅਤੇ ਆਸਟ੍ਰੇਲੀਆ 'ਚ ਕਈ ਸਮਾਨਤਾਵਾਂ ਹਨ, ਜੋ ਮਜ਼ਬੂਤ ਸਹਿਯੋਗ ਅਤੇ ਬਹੁਆਯਾਮੀ ਸੰਬੰਧਾਂ ਦੀ ਨੀਂਹ ਵਜੋਂ ਕੰਮ ਕਰਦੀਆਂ ਹਨ। ਸਾਡੀ ਰਣਨੀਤਕ ਸਾਂਝੀਦਾਰੀ ਅੱਗੇ ਵਧੀ ਹੈ।'' ਕਾਂਗਰਸ ਪ੍ਰਧਾਨ ਖੜਗੇ ਨੇ ਕਿਹਾ,''ਭਾਰਤ 'ਚ ਆਸਟ੍ਰੇਲੀਆ ਦੇ ਹਾਈ ਕਮਿਸ਼ਨਰ, ਮਾਨਯੋਗ ਬੈਰੀ ਓ'ਫੇਰੇਲ ਨੇ ਮੇਰੇ ਨਾਲ ਭੇਟ ਕੀਤੀ ਅਤੇ ਅਸੀਂ ਦੋਹਾਂ ਦੇਸ਼ਾਂ ਦੇ ਸੰਬੰਧਾਂ ਨੂੰ ਹੋਰ ਮਜ਼ਬੂਤ ਬਣਾਉਣ ਦੇ ਤਰੀਕਿਆਂ 'ਤੇ ਚਰਚਾ ਕੀਤੀ।''

VENUE
HEART LAKE CONVERSATION PARK
SITE - LAKEMOUNT 4
Address: 10818 Heart Lake Rd, Brampton, ON L6Z 0B3



Samrai Picnic
AUGUST 6, 2023

ਪਿੰਡ ਸਮਰਾਏ ਦੇ ਵਾਸੀਆਂ ਵਲੋਂ 6 ਅਗਸਤ ਨੂੰ ਪਿਕਨਿੱਕ

ਪਿੰਡ ਸਮਰਾਏ ਦੇ ਸਮੂਹ ਵਾਸੀਆਂ ਵਲੋਂ ਆਪਣੀ ਸਲਾਨਾ ਪਿਕਨਿਕ **06** ਅਗਸਤ ਦਿਨ ਐਤਵਾਰ ਨੂੰ ਹਾਰਟ ਲੇਕ ਕੰਜ਼ਰਵੇਸ਼ਨ ਪਾਰਕ ਵਿਖੇ ਠੀਕ ਦੁਪਿਹਰ 11 ਵਜ ਤੋਂ ਸ਼ਾਮ 6 ਵਜੇ ਤੱਕ ਮਨਾਈ ਜਾ ਰਹੀ ਹੈ । ਇਸ ਦੌਰਾਨ ਬੱਚਿਆਂ ਦੀਆਂ ਖੇਡਾਂ ਅਤੇ ਹੋਰ ਮਨੋਰੰਜਕ ਖੇਡਾਂ ਕਰਵਾਈਆਂ ਜਾਣਗੀਆਂ ਜਿਹਨਾਂ ਵਿਚ ਲੇਡੀਜ਼ ਲਈ 50 ਮੀਟਰ ਦੌੜ, ਬੋਰੀ ਰੇਸ ਅਤੇ ਤਿੰਨ ਟੰਗੀ ਰੇਸ ਵੀ ਸ਼ਾਮਲ ਹਨ । ਪ੍ਰਬੰਧਕਾਂ ਵਲੋਂ ਜੀਟੀਏ ਵਿਚ ਵੱਸਦੇ ਸਮੂਹ ਸਮਰਾਏ ਪਿੰਡ ਵਾਸੀਆਂ ਨੂੰ ਬੇਨਤੀ ਹੈ ਕਿ ਉਹ ਪਰਿਵਾਰਾਂ ਸਮੇਤ ਇਸ ਪਰਿਵਾਰਕ ਪਿਕਨਿਕ ਵਿਚ ਸ਼ਾਮਲ ਹੋਣ ਅਤੇ ਆਪਣੇ ਪਿੰਡ ਨਾਲ ਜੁੜੀਆਂ ਯਾਦਾਂ ਨੂੰ ਤਾਜਾ ਕਰਨ ।



People of Village. Samrai has organised a Picnic on **August 06, 2023, Sunday from 11 am to 6 pm.**
In the park various activities will be played such as **50 meter race, sack race, 3-legged race.**
We request you to accompany your childrens, parents, grandparents with you to recall old memories.

ਪਿਕਨਿੱਕ ਬਾਰੇ ਜਿਆਦਾ ਜਾਣਕਾਰੀ ਲਈ ਸੁਰਜੀਤ ਸਮਰਾ 289-828-2117, ਅਮਰਜੀਤ ਸਮਰਾ 416-939-8292 ਜਾਂ ਮੋਹਿੰਦਰ ਸਮਰਾ 416-271-8477 ਨੂੰ ਸੰਪ੍ਰਕ ਕੀਤਾ ਜਾ ਸਕਦਾ ਹੈ।

GET PRE-APPROVED & SHOP WITH CONFIDENCE

HAPPY CANADA DAY everyone

- Purchases
- Refinance
- Debt Consolidation
- Home Renovations
- Private Funds
- 2nd Mortgage
- Self-Employed
- New to Canada
- Investment

MORTGAGE ALLIANCE



Parminder Mangat
Team Leader / Lic #10530
647-285-9119
20 Maritime Ontario Blvd, Unit #11, Brampton
www.mortgagealliance.com/en/mortgage-broker/parmindermangat/

ਕੁਈਨਜ਼ਵੁੱਡ ਕਾਲਜ ਆਫ਼ ਬਿਜ਼ਨਸ ਹੈਲਥ ਐਂਡ ਟੈਕਨਾਲੋਜੀ ਡਿਪਲੋਮਾ ਅਤੇ ਛੋਟੇ ਕੋਰਸ ਪੇਸ਼ ਕਰਦਾ ਹੈ

ਡਿਪਲੋਮਾ ਪ੍ਰੋਗਰਾਮਾਂ ਵਿੱਚ ਅਸੀਂ **Medical Office Assistant** ਪ੍ਰੋਗਰਾਮ ਪੇਸ਼ ਕਰ ਰਹੇ ਹਾਂ । ਇਹ ਪ੍ਰੋਗਰਾਮ ਉਹਨਾਂ ਸਾਰਿਆਂ ਲਈ ਢੁਕਵਾਂ ਹੈ ਜੋ ਡਾਕਟਰ ਦੇ ਦਫ਼ਤਰ ਵਿੱਚ ਕੰਮ ਕਰਨਾ ਚਾਹੁੰਦੇ ਹਨ। ਤੁਸੀਂ ਇਸ ਕੋਰਸ ਨੂੰ ਪੂਰਾ ਕਰਨ ਤੋਂ ਬਾਅਦ ਡਾਕਟਰ ਦੇ ਦਫਤਰ ਵਿੱਚ ਇੱਕ ਚੰਗੀ ਸਫੈਦ ਕਾਲਰ ਦੀ ਨੌਕਰੀ ਪ੍ਰਾਪਤ ਕਰ ਸਕਦੇ ਹੋ। ਇਹ ਪ੍ਰੋਗਰਾਮ 47 ਹਫ਼ਤਿਆਂ ਦਾ ਹੈ। ਇਸ ਪ੍ਰੋਗਰਾਮ ਵਿੱਚ ਡਾਕਟਰ ਦੇ ਦਫ਼ਤਰ ਵਿੱਚ 240 **Hours** ਦੀ ਵਿਹਾਰਕ ਸਿਖਲਾਈ ਸ਼ਾਮਲ ਹੈ ਜੋ ਕਿ ਗਿਆਨ ਪ੍ਰਾਪਤ ਕਰਨ ਵਿੱਚ ਮਦਦਗਾਰ ਹੈ।

ਇਹ ਪ੍ਰੋਗਰਾਮ ਕਿਸੇ ਵੀ ਕੰਪਨੀ ਦੇ ਪ੍ਰਸ਼ਾਸਕੀ ਖੇਤਰ, ਫਰੰਟ ਡੈਸਕ ਨੌਕਰੀਆਂ, ਰਿਸੈਪਸ਼ਨਿਸਟ, ਆਫਿਸ ਐਡਮਿਨਿਸਟ੍ਰੇਟੋ ਵਿੱਚ ਨੌਕਰੀ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ।

ਇਸ ਕੋਰਸ ਲਈ ਪੂਰਵ ਸ਼ਰਤ ਹੈ, ਪ੍ਰੋਗਰਾਮ ਵਿੱਚ ਦਾਖਲਾ ਲੈਣ ਲਈ ਕਿਸੇ ਵੀ ਦੇਸ਼ ਤੋਂ ਘੱਟੋ-ਘੱਟ ਬਾਰ੍ਹਵੀਂ ਜਮਾਤ ਜਾਂ ਤੁਹਾਡੀ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ।


ਇਸ ਤੋਂ ਇਲਾਵਾ, Office Administration ਡਿਪਲੋਮਾ ਪ੍ਰੋਗਰਾਮ ਅਤੇ Personal Support Worker, Food Service Worker, ਪ੍ਰੋਗਰਾਮ ਵੀ ਪੇਸ਼ ਕੀਤੇ ਜਾਂਦੇ ਹਨ। ਛੋਟੇ ਕੋਰਸਾਂ ਵਿੱਚ, ਬੇਸਿਕ ਤੋਂ ਐਡਵਾਂਸ ਕੰਪਿਊਟਰ ਕੋਰਸ, ਅੰਗਰੇਜ਼ੀ ਭਾਸ਼ਾ ਦੇ ਕੋਰਸ, Accounting, ਆਈਲੈਟਸ, ਸੇਲਪਪ, ਡੇਟਾ ਐਂਟਰੀ ਅਤੇ ਫਰੈਂਚ ਕਲਾਸਾਂ ਵੀ ਇੱਥੇ ਦਿੱਤੀਆਂ ਜਾ ਰਹੀਆਂ ਹਨ। ਕਲਾਸਾਂ ਹਫ਼ਤੇ ਦੇ ਦਿਨ ਅਤੇ ਸ਼ਨੀਵਾਰ ਲਈ ਉਪਲਬਧ ਹਨ। Flexible schedule.

ਵਧੇਰੇ ਜਾਣਕਾਰੀ ਲਈ, ਤੁਸੀਂ 905-872-0088 ਤੇ ਕਾਲ ਕਰ ਸਕਦੇ ਹੋ।
Website: www.queenswood.com
Address: 2023 William, Pkwy, Unit 3, Brampton, ON, L6S 5N1

# ਫ਼ਰਾਂਸ ਵਿਚ ਪੁਲਿਸ ਅਫਸਰ ਨੇ ਨੌਜਵਾਨ ਦੇ ਗਲਤ ਡਰਾਈਵਿੰਗ ਦੇ ਚਲਦੇ ਮਾਰੀ ਗੋਲੀ

## ਨੌਜਵਾਨ ਦੀ ਮੌਤ ਤੋਂ ਬਾਅਦ ਦੰਗਾ, ਮੁਲਜ਼ਮ ਪੁਲਿਸ ਅਫਸਰ ਗ੍ਰਿਫ਼ਤਾਰ





ਪੈਰਿਸ, 29 ਜੂਨ (ਪੋਸਟ ਬਿਊਰੋ): ਫ਼ਰਾਂਸ ਦੀ ਰਾਜਧਾਨੀ ਪੈਰਿਸ ਦੇ ਸਬਅਰਬਨ ਏਰੀਏ ਨੇਂਤੇਰੇ ਵਿਚ 17 ਸਾਲਾ ਲੜਕੇ ਨੂੰ ਗਲਤ ਤਰੀਕੇ ਨਾਲ ਕਾਰ ਚਲਾਉਣ ’ਤੇ ਪੁਲਸ ਨੇ ਗੋਲੀ ਮਾਰ ਦਿੱਤੀ। ਲੜਕੇ ਦੀ ਮੌਤ ਹੋ ਗਈ। ਇਸਤੋਂ ਬਾਅਦ ਇਥੇ ਦੰਗਾ ਭੜਕ ਗਿਆ। 40 ਗੱਡੀਆਂ ਨੂੰ ਅੱਗ ਲਗਾ ਦਿੱਤੀ ਗਈ ਅਤੇ 20 ਲੋਕ ਜ਼ਖ਼ਮੀ ਹੋਏ ਹਨ।

ਮੁਲਜ਼ਮ ਪੁਲਿਸ ਅਫਸਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਗੋਲੀ ਮਾਰੇ ਜਾਣ ਦਾ ਵੀਡੀਓ ਵੀ ਸਾਹ-ਮਣੇ ਆਇਆ ਹੈ। ਕੁਝ ਰਿਪੋਰਟਾਂ ਵਿਚ ਦਾਅਵਾ ਕੀਤਾ ਗਿਆ ਹੈ ਕਿ ਇਹ ਲੜਕਾ ਕਿਸੇ ਅਰਬ ਦੇਸ਼ ਦਾ ਮੂਲ ਨਾਗਰਿਕ ਸੀ। ਉਸ ਕੋਲ ਡਰਾਈਵਿੰਗ ਲਾਈਸੈਂਸ ਨਹੀਂ ਸੀ ਅਤੇ ਪੁਲਸ ਨੇ ਜਦੋਂ ਉਸਨੂੰ ਰੋਕਿਆ ਤਾਂ ਉਸਨੇ ਅਫਸਰ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ।

ਮਾਮਲਾ ਮੰਗਲਵਾਰ ਦਾ ਹੈ। ਨੇਂਤੇਰੇ ਦੀ ਇੱਕ ਸੜਕ ’ਤੇ ਦੋ ਪੁਲਿਸ ਅਫਸਰਾਂ ਨੇ ਪੀਲੇ ਰੰਗ ਦੀ ਕਾਰ ਨੂੰ ਰੋਕਿਆ। ਇਸਦੀ ਡਰਾਈਵਿੰਗ ਸੀਟ ’ਤੇ ਮੌਜੂਦ ਵਿਅਕਤੀ ਨਾਲ ਗੱਲਬਾਤ ਕੀਤੀ। ਇਸ ਦੌਰਾਨ ਕੁਝ ਬਹਿਸ ਹੋਈ। ਇੱਕ ਪੁਲਿਸ ਅਫਸਰ ਨੇ ਪਿਸਟਲ ਕੱਢੀ ਅਤੇ ਡਰਾਈਵਰ ਦੇ ਸਿਰ ਵਿਚ ਗੋਲੀ ਮਾਰ ਦਿੱਤੀ। ਡਰਾਈਵਰ ਨੇ ਕਾਰ ਤੇਜ਼ੀ ਨਾਲ ਭਜਾਈ ਜੋ ਕੁੱਝ ਦੂਰ ਜਾਕੇ ਕਰੈਸ਼ ਹੋ ਗਈ। ਡਰਾਈਵਰ ਦੀ ਮੌਕੇ ’ਤੇ ਹੀ ਮੌਤ ਹੋ ਗਈ। ਘਟਨਾ ਕੈਮਰੇ ਵਿਚ ਕੈਦ ਹੋ ਗਈ।

# ਕੈਲੀਫੋਰਨੀਆ ਵਿਚ ਰੇਲਵੇ ਟ੍ਰੈਕ ਟਰੱਕ ਨਾਲ ਰੇਲਗੱਡੀ ਦੀ ਟੱਕਰ, 16 ਜ਼ਖਮੀ



ਕੈਲੀਫੋਰਨੀਆ, 29 ਜੂਨ (ਪੋਸਟ ਬਿਊਰੋ): ਦੱਖਣੀ ਕੈਲੀਫੋਰਨੀਆ ਵਿੱਚ ਇੱਕ ਐਮਟਰੈਕ ਰੇਲਗੱਡੀ ਦੇ ਪਟੜੀ ‘ਤੇ ਫਸੇ ਇੱਕ ਟਰੱਕ ਨਾਲ ਟਕਰਾਉਣ ਤੋਂ ਬਾਅਦ ਕੁੱਲ 16 ਯਾਤਰੀ ਜ਼ਖਮੀ ਹੋ ਗਏ। ਵੈਨਚੂਰਾ ਕਾਊਂਟੀ ਫਾਇਰ ਡਿਪਾਰਟਮੈਂਟ ਦੇ ਅਨੁਸਾਰ, ਟਰੱਕ ਡਰਾਈਵਰ ਨੂੰ ਟਰਾਮਾ ਸੈਂਟਰ ਵਿੱਚ ਲਿਜਾਇਆ ਗਿਆ, ਜਦੋਂ ਕਿ ਇੱਕ ਹੋਰ ਵਿਅਕਤੀ ਨੂੰ ਜ਼ਖਮੀ ਹਾਲਤ ਵਿੱਚ ਮੈਡੀਕਲ ਸੈਂਟਰ ਲਿਜਾਇਆ ਗਿਆ। ਰੇਲ ਲਾਈਨ ਦੇ ਅਧਿਕਾਰੀਆਂ ਨੇ ਦੱਸਿਆ ਕਿ ਲਾਸ ਏਂਜਲਸ ਤੋਂ ਸੀਏਟਲ ਜਾਣ ਵਾਲੀ ਰੇਲਗੱਡੀ ਨੰਬਰ 14 ਸਵੇਰੇ ਲਗਭਗ 11:15 ਵਜੇ ਮੂਰਪਾਰਕ ਦੇ ਨੇੜੇ ਪਟੜੀ ਤੋਂ ਉਤਰ ਗਈ। ਐਮਟਰੈਕ ਨੇ ਇਕ ਬਿਆਨ ਵਿਚ ਕਿਹਾ ਕਿ ਟੱਕਰ ਤੋਂ ਬਾਅਦ ਰੇਲਗੱਡੀ ਪਟੜੀ ਤੋਂ ਉਤਰਨ ਤੋਂ ਬਾਅਦ ਖੜ੍ਹੀ ਰਹੀ। ਹਾਦਸੇ ‘ਚ ਕਰੀਬ 198 ਯਾਤਰੀਆਂ ਅਤੇ 13 ਕਰਮਚਾਰੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ। ਫਾਇਰ ਬ੍ਰਿਗੇਡ ਅਤੇ ਐਮਰਜੈਂਸੀ ਮੈਡੀਕਲ ਕਰਮੀਆਂ ਮੁਤਾਬਕ ਫਿਲਹਾਲ ਸਥਿਤੀ ਕਾਬੂ ਹੇਠ ਹੈ।

# ਸਵੀਡਨ ਵਿਚ ਪ੍ਰਦਰਸ਼ਨਕਾਰੀ ਨੇ ਮਸਜਿਦ ਦੇ ਬਾਹਰ ਕੁਰਾਨ ਨੂੰ ਸਾੜਿਆ





ਸਟਾਕਹੋਮ, 29 ਜੂਨ (ਪੋਸਟ ਬਿਊਰੋ): ਸਵੀਡਨ ਵਿਚ ਈਦ-ਉਲ-ਅਜ਼ਹਾ ਮੌਕੇ ਬੁੱਧਵਾਰ ਨੂੰ ਸਟਾਕਹੋਮ ਦੀ ਇਕ ਮਸਜਿਦ ਦੇ ਬਾਹਰ ਇਕ ਵਿਅਕਤੀ ਨੇ ਕੁਰਾਨ ਨੂੰ ਸਾੜ ਕੇ ਪ੍ਰਦਰਸ਼ਨ ਕੀਤਾ। ਇਸ ਦੇ ਲਈ ਉਸ ਨੇ ਸਵੀਡਿਸ਼ ਸਰਕਾਰ ਤੋਂ ਇਜਾਜ਼ਤ ਲੈ ਲਈ ਸੀ। ਸੀ.ਐੱਨ.ਐੱਨ. ਅਨੁਸਾਰ, ਇਹ ਇਜਾਜ਼ਤ ਪ੍ਰਗਟਾਵੇ ਦੀ ਆਜ਼ਾਦੀ ਤਹਿਤ ਇੱਕ ਦਿਨ ਦੇ ਪ੍ਰਦਰਸ਼ਨ ਲਈ ਦਿੱਤੀ ਗਈ ਸੀ। ਇਸ ਵਿਰੋਧ ਪ੍ਰਦਰਸ਼ਨ ਵਿਚ ਸਿਰਫ਼ ਇੱਕ ਵਿਅਕਤੀ ਆਪਣੇ ਅਨੁਵਾਦਕ ਨਾਲ ਸ਼ਾਮਿਲ ਹੋਇਆ ਸੀ।

ਰਾਈਟਰਜ਼ ਅਨੁਸਾਰ, ਪ੍ਰਦਰਸ਼ਨਕਾਰੀ ਵਿਅਕਤੀ ਨੇ ਕੁਰਾਨ ਦੇ ਕੁਝ ਪੰਨੇ ਪਾੜ ਦਿੱਤੇ ਅਤੇ ਅੱਗ ਲਗਾ ਦਿੱਤੀ। ਇਸ ਤੋਂ ਬਾਅਦ ਉਨ੍ਹਾਂ ਨੇ ਸਵੀਡਨ ਦਾ ਝੰਡਾ ਵੀ ਲਹਿਰਾਇਆ। ਪ੍ਰੋਟੈਸਟ ਦੇਖ ਰਹੇ 200 ਲੋਕਾਂ ਵਿਚੋਂ ਕੁਝ ਨੇ ਇਸ ਦੇ ਹੱਕ ਵਿਚ ਅਤੇ ਕੁਝ ਨੇ ਵਿਰੋਧ ਵਿਚ ਨਾਅਰੇ ਲਾਏ। ਇੱਕ ਆਦਮੀ ਨੇ ਪ੍ਰਦਰਸ਼ਨਕਾਰੀ 'ਤੇ ਪੱਥਰ ਵੀ ਸੁੱਟਿਆ, ਅਰਬੀ ਵਿੱਚ ਗੌਡ ਇਜ਼ ਗ੍ਰੇਟ' ਦਾ ਨਾਅਰਾ ਮਾਰਿਆ। ਇਸ ਮਗਰੋਂ ਪੁਲਿਸ ਨੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਤੁਰਕੀ ਨੇ ਸਵੀਡਨ ਵਿਚ ਕੁਰਾਨ ਨੂੰ ਸਾੜਨ ਦਾ ਵਿਰੋਧ ਕੀਤਾ ਹੈ। ਤੁਰਕੀ ਦੇ ਵਿਦੇਸ਼ ਮੰਤਰਾਲੇ ਨੇ ਇਸ ਨੂੰ ਘਿਨੌਣਾ ਅਪਰਾਧ ਦੱਸਿਆ ਹੈ।

# ਵਰਲਡ ਬੈਂਕ ਨੇ ਸ੍ਰੀਲੰਕਾ ਲਈ ਮਨਜ਼ੂਰ ਕੀਤੀ 700 ਮਿਲੀਅਨ ਅਮਰੀਕੀ ਡਾਲਰ ਦੀ ਵਿੱਤੀ ਸਹਾਇਤਾ



ਵਾਸ਼ਿੰਗਟਨ, 29 ਜੂਨ (ਪੋਸਟ ਬਿਊਰੋ): ਵਿਸ਼ਵ ਬੈਂਕ ਨੇ ਸ੍ਰੀਲੰਕਾ ਨੂੰ ਮੌਜੂਦਾ ਆਰਥਿਕ ਸੰਕਟ ’ਤੇ ਕਾਬੂ ਪਾਉਣ ਅਤੇ ਗਰੀਬਾਂ ਅਤੇ ਕਮਜ਼ੋਰ ਲੋਕਾਂ ਨੂੰ ਰਾਹਤ ਪ੍ਰਦਾਨ ਕਰਨ ਵਿੱਚ ਮੱਦਦ ਕਰਨ ਲਈ 700 ਮਿਲੀਅਨ ਅਮਰੀਕੀ ਡਾਲਰ ਦੀ ਵਿੱਤੀ ਸਹਾਇਤਾ ਨੂੰ ਮਨਜ਼ੂਰੀ ਦਿੱਤੀ ਹੈ। ਮਾਰਚ ਵਿੱਚ ਆਈਐਮਐਫ ਸੌਦੇ ਤੋਂ ਬਾਅਦ ਇਹ ਸਭ ਤੋਂ ਵੱਡੀ ਫੰਡਿੰਗ ਕਿਸ਼ਤ ਹੈ। ਇਹ ਟਾਪੂ ਦੇਸ਼ ਇਸ ਸਮੇਂ ਇਤਿਹਾਸ ਦੇ ਸਭ ਤੋਂ ਭੈੜੇ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ।

ਦੇਸ਼ ਦੀ ਅਰਥਵਿਵਸਥਾ ਵਿੱਚ 2022 ਵਿੱਚ ਸੱਤ ਫੀਸਦੀ ਤੋਂ ਵੱਧ ਦੀ ਗਿਰਾਵਟ ਦਰਜ ਕੀਤੀ ਗਈ ਸੀ। ਆਰਥਿਕ ਮੰਦਹਾਲੀ ਕਾਰਨ ਲੋਕਾਂ ਨੇ ਸੜਕਾਂ ‘ਤੇ ਵਿਆਪਕ ਪ੍ਰਦਰਸ਼ਨ ਕੀਤੇ। ਇਸ ਕਾਰਨ ਸ੍ਰੀਲੰਕਾ ਦੇ ਸ਼ਕਤੀਸ਼ਾਲੀ ਰਾਜਪਕਸ਼ੇ ਪਰਿਵਾਰ ਨੂੰ ਰਾਜਨੀਤੀ ਤੋਂ ਬਾਹਰ ਹੋਣਾ ਪਿਆ।

ਵਾਸ਼ਿੰਗਟਨ ਸਥਿਤ ਵਿਸ਼ਵ ਬੈਂਕ ਦੇ ਬੋਰਡ ਆਫ ਡਾਇਰੈਕਟਰਜ਼ ਨੇ ਬੁੱਧਵਾਰ ਨੂੰ ਸ੍ਰੀਲੰਕਾ ਦੇ ਮੌਜੂਦਾ ਆਰਥਿਕ ਸੰਕਟ ‘ਤੇ ਕਾਬੂ ਪਾਉਣ ਅਤੇ ਗਰੀਬਾਂ ਅਤੇ ਕਮਜ਼ੋਰ ਲੋਕਾਂ ਨੂੰ ਰਾਹਤ ਪ੍ਰਦਾਨ ਕਰਨ ਲਈ 700 ਮਿਲੀਅਨ ਡਾਲਰ ਦੀ ਵਿੱਤੀ ਸਹਾਇਤਾ ਨੂੰ ਮਨਜ਼ੂਰੀ ਦਿੱਤੀ। ਇਸ ਰਕਮ ਵਿੱਚੋਂ 500 ਕਰੋੜ ਡਾਲਰ ਬਜਟ ਸਹਾਇਤਾ ਲਈ ਅਤੇ 200 ਕਰੋੜ ਡਾਲਰ ਸਮਾਜਿਕ ਸੁਰੱਖਿਆ ਲਈ ਦਿੱਤੇ ਗਏ ਹਨ।

ਅੰਤਰਰਾਸ਼ਟਰੀ ਮੁਦਰਾ ਫੰਡ (ਆਈ.ਐੱਮ.ਐੱਫ.) ਨੇ ਪਿਛਲੇ ਸਾਲ ਮਾਰਚ ਵਿੱਚ 2.9 ਅਰਬ ਅਮਰੀਕੀ ਡਾਲਰ ਦੀ ਵਿਸਤ੍ਰਿਤ ਸਹੂਲਤ ਪ੍ਰਦਾਨ ਕਰਨ ਲਈ ਸਹਿਮਤੀ ਦਿੱਤੀ ਸੀ। ਉਦੋਂ ਤੋਂ ਇਹ ਸਭ ਤੋਂ ਵੱਡੀ ਵਿੱਤੀ ਰਾਹਤ ਹੈ। ਮਾਰਚ ਵਿੱਚ ਨੇ ਆਰਥਿਕ ਸੰਕਟ ਨੂੰ ਦੂਰ ਕਰਨ ਅਤੇ ਦੂਜੇ ਦੇਸ਼ਾਂ ਤੋਂ ਇਸਦੀ ਮੱਦਦ ਕਰਨ ਲਈ ਸ੍ਰੀਲੰਕਾ ਲਈ 3 ਬਿਲੀਅਨ ਡਾਲਰ ਦੇ ਬੇਲਆਊਟ ਪ੍ਰੋਗਰਾਮ ਨੂੰ ਮਨਜ਼ੂਰੀ ਦਿੱਤੀ। ਕੋਲੰਬੋ ਨੇ ਇਸ ਕਦਮ ਨੂੰ ‘ਇਤਿਹਾਸਕ ਮੀਲ ਪੱਥਰ’ ਕਰਾਰ ਦਿੱਤਾ ਹੈ।

# ਬ੍ਰਿਟੇਨ ਵਿਚ 25 ਸਾਲਾ ਭਾਰਤੀ ਵਿਦਿਆਰਥੀ ਦੀ ਮੌਤ, ਨਹਿਰ ’ਚੋਂ ਮਿਲੀ ਲਾਸ਼



ਬਰਮਿੰਘਮ, 29 ਜੂਨ (ਪੋਸਟ ਬਿਊਰੋ): ਬ੍ਰਿਟੇਨ ਦੇ ਬਰਮਿੰਘਮ ਸ਼ਹਿਰ 'ਚ ਪੜ੍ਹਾਈ ਕਰ ਰਿਹਾ ਤਾਮਿਲਨਾਡੂ ਦਾ ਵਿਦਿਆਰਥੀ ਸ਼ੱਕੀ ਹਾਲਾਤਾਂ 'ਚ ਇਕ ਨਹਿਰ 'ਚ ਮ੍ਰਿਤਕ ਪਾਇਆ ਗਿਆ। ਵਿਦਿਆਰਥੀ ਦਾ ਨਾਮ ਜੀਵੰਤ ਸ਼ਿਵਕੁਮਾਰ ਸੀ ਜੋ ਤਾਮਿਲਨਾਡੂ ਦੇ ਕੋਇੰਬਟੂਰ ਸ਼ਹਿਰ ਦਾ ਰਹਿਣ ਵਾਲਾ ਸੀ। ਉਹ ਪਿਛਲੇ ਸਾਲ ਸਤੰਬਰ ਵਿੱਚ ਬਰਮਿੰਘਮ ਸ਼ਹਿਰ ਵਿੱਚ ਪੜ੍ਹਾਈ ਕਰਨ ਲਈ ਆਇਆ ਸੀ। ਹੁਣ ਜੀਵੰਤ ਦੀ ਮ੍ਰਿਤਕ ਦੇਹ ਨੂੰ ਭਾਰਤ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਰਿਪੋਰਟਾਂ ਅਨੁਸਾਰ ਪੁਲਿਸ ਨੇ ਦੱਸਿਆ ਕਿ ਬਰਮਿੰਘਮ ਦੀ ਐਸਟਨ ਯੂਨੀਵਰਸਿਟੀ ਵਿੱਚ ਇੱਕ ਵਿਦਿਆਰਥੀ ਸਵੇਰੇ 4:30 ਵਜੇ ਇੱਕ ਨਹਿਰ ਵਿੱਚ ਗੰਭੀਰ ਹਾਲਤ ਵਿੱਚ ਮਿਲਿਆ। ਹਾਲਾਂਕਿ ਵੈਸਟ ਮਿਡਲੈਂਡਜ਼ ਐਂਬੂਲੈਂਸ ਸੇਵਾ ਨੂੰ ਮੌਕੇ 'ਤੇ ਬੁਲਾਇਆ ਗਿਆ ਸੀ, ਪਰ ਅਫ਼ਸੋਸ ਦੀ ਗੱਲ ਹੈ ਕਿ ਮੈਡੀਕਲ ਕਰਮਚਾਰੀਆਂ ਨੇ ਵਿਦਿਆਰਥੀ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਉਸ ਦੀ ਮੌਤ ਹੋ ਗਈ।

ਇੰਡੀਅਨ ਨੈਸ਼ਨਲ ਸਟੂਡੈਂਟਸ ਐਸੋਸੀਏਸ਼ਨ (ਆਈਐਨਐਸਏ) ਅਤੇ ਐਸਟਨ ਯੂਨੀਵਰਸਿਟੀ ਕੋਇੰਬਟੂਰ ਵਿੱਚ ਸ਼ਿਵਕੁਮਾਰ ਦੀ ਮ੍ਰਿਤਕ ਦੇਹ ਨੂੰ ਉਸਦੇ ਪਰਿਵਾਰ ਤੱਕ ਪਹੁੰਚਾਉਣ ਵਿੱਚ ਮਦਦ ਕਰ ਰਹੇ ਹਨ। ਸ਼ਿਵਕੁਮਾਰ ਨੇ ਰਣਨੀਤਕ ਅਤੇ ਅੰਤਰਰਾਸ਼ਟਰੀ ਵਪਾਰ ਦਾ ਅਧਿਐਨ ਕਰਨ ਲਈ ਬਰਮਿੰਘਮ ਦੀ ਐਸਟਨ ਯੂਨੀਵਰਸਿਟੀ ਵਿੱਚ ਦਾਖਲਾ ਲਿਆ।

ਇਨਸਾ ਯੂਕੇ ਨੇ ਇੱਕ ਬਿਆਨ ਵਿੱਚ ਕਿਹਾ ਕਿ ਅਸੀਂ ਆਪਣੇ ਪਿਆਰੇ ਜੀਵਨ ਸ਼ਿਵਕੁਮਾਰ ਦੀ ਦੁਖਦਾਈ ਅਤੇ ਅਚਾਨਕ ਮੌਤ ਦੀ ਸੂਚਨਾ ਦਿੰਦੇ ਹੋਏ ਬਹੁਤ ਦੁਖੀ ਹਾਂ। ਇਨਸਾ ਇਹ ਯਕੀਨੀ ਬਣਾਉਣ ਲਈ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਲਈ ਸਮਰਪਿਤ ਹੈ ਕਿ ਉਸਦਾ ਸਰੀਰ ਸੁਰੱਖਿਅਤ ਢੰਗ ਨਾਲ ਘਰ ਪਹੁੰਚ ਜਾਵੇ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਐਲੀਸਨ ਲੇਵੀ ਨੇ ਕਿਹਾ ਕਿ ਯੂਨੀਵਰਸਿਟੀ ਨੂੰ ਆਪਣੇ ਇੱਕ ਅਹਿਮ ਮੈਂਬਰ ਦੀ ਮੌਤ ਬਾਰੇ ਸੁਣ ਕੇ ਬਹੁਤ ਦੁੱਖ ਹੋਇਆ ਹੈ।


## NEEDED FULL-TIME CONSTRUCTION WORKER

*(Required Canadian Citizen or Permanent Resident)*

**Decon Construction Inc. is a small business in Brampton, ON L6X 2M1. We are professional, fast-paced, and demanding.** We are looking for a Construction Worker to join our team and assist in the completion of various construction projects. The ideal candidate for this position will have experience in the construction industry, be able to lift heavy objects, and have a strong work ethic. The successful candidate will be responsible for a variety of tasks, including demolition, digging trenches, mixing concrete, and cleaning up job sites.

**Responsibilities:**
- Load, unload and transport construction materials
- Operate mobile and tower cranes to lift, move, position or place equipment and materials
- Clean and lubricate cranes
- Erect and dismantle concrete forms, scaffolding, ramps, catwalks shoring and barricades
- Operate pile driving cranes to drive pilings into earth to provide support for buildings and other structures
- Mix, pour and spread materials
- Operate cranes equipped with dredging attachments to dredge waterways and other areas
- Assemble tower cranes on site
- Assist heavy equipment operators
- Operate gantry cranes to load and unload ship cargo at port side
- Assist in drilling and blasting rock on construction sites
- Assist in framing houses, erecting walls and building roofs
- Level earth to fine grade specifications
- Assist in demolishing buildings
- Perform pre-operational inspection, and calculate crane capacities and weight to prepare for rigging and hoisting
- Perform routine maintenance work
- Clean up chemical spills and other contaminants
- Remove rubble and other debris at construction sites
- Tend or feed machines or equipment used in construction
- Direct traffic at or near construction sites
- Read and interpret blueprints

**Additional Information**
Work conditions and physical capabilities
- Fast-paced environment
- Work under pressure
- Physically demanding
- Handling heavy loads
- Hand-eye co-ordination

**Personal suitability**
- Dependability
- Flexibility
- Reliability
- Team player

**Experience**
Experience an asset
Work site environment
- Outdoors
- At heights
- Noisy

**Job Type: Full-time**
**Salary: $27.00 per hour**

**Benefits:**
- Paid time off

**Flexible Language Requirement:**
- French not required

**Language:**
- English (preferred)

**Schedule:**
- Monday to Friday

**Supplemental pay types:**
- Overtime pay

**Ability to commute/relocate:**
- Brampton, ON L6X 2M1:
reliably commute or plan to relocate before starting work (required)

**Experience:**
- construction (preferred)

**Shift availability:**
- Day Shift (preferred)

**Work Location:** In person

**Submit Resume:**
**naeem@decongroup.ca**





DECEMBER 1941 - JULY 2021

ੴ

ੴ ਸਤਿਗੁਰ ਪ੍ਰਸਾਦਿ ॥
ਗੁਰਮੁਖਿ ਜਨਮ ਸਵਾਰਿ ਦਰਗਹਿ ਚਲਿਆ ॥
ਸੱਚੀ ਦਰਗਹਿ ਜਾਇ ਸਚਾ ਪਿੜ ਮਲਿਆ ॥

ਸ. ਤਰਲੋਚਨ ਸਿੰਘ ਗਿੱਲ (ਗਾਲਿਬ ਕਲਾਂ)
ਵੱਲੋਂ
ਆਪ ਜੀ ਨੂੰ ਬੇਨਤੀ ਹੈ ਕਿ ਉਹਨਾਂ ਦੀ ਧਰਮਪਤਨੀ
ਸਰਦਾਰਨੀ ਕੁਲਦੀਪ ਕੌਰ ਗਿੱਲ
ਜੋ ਕਿ ਦੋ ਸਾਲ ਪਹਿਲਾਂ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ ਉਹਨਾਂ ਦੀ
ਆਤਮਿਕ ਸ਼ਾਂਤੀ ਦੇ ਸਬੰਧ ਵਿੱਚ

## ਸ੍ਰੀ ਅਖੰਡ ਪਾਠ ਸਾਹਿਬ ਜੀ ਦਾ ਭੋਗ

ਦਿੱਤੇ ਪ੍ਰੋਗਰਾਮ ਅਨੁਸਾਰ ਪਵੇਗਾ । ਸੋ ਆਪ ਜੀ ਨੇ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ । ਅਤੀ ਧੰਨਵਾਦੀ ਹੋਵਾਗੇ ਜੀ ।

**ਪ੍ਰੋਗਰਾਮ**

7 ਜੁਲਾਈ 2023, ਦਿਨ ਸ਼ੁੱਕਰਵਾਰ
ਅਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ.......1.30 ਵਜੇ ਦੁਪਿਹਰ

9 ਜੁਲਾਈ 2023, ਦਿਨ ਐਤਵਾਰ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ..........1.00 ਵਜੇ ਦੁਪਿਹਰ
ਕੀਰਤਨ ................................ 2.00 ਵਜੇ ਦੁਪਿਹਰ
ਗੁਰੂ ਕਾ ਲੰਗਰ...........................3.00 ਵਜੇ ਦੁਪਿਹਰ

ਸਥਾਨ: ਸ਼੍ਰੀ ਗੁਰੂ ਸਿੰਘ ਸਭਾ ਮਾਲਟਨ
Sri Guru Singh Sabha Malton
7280 Airport Rd, Mississauga, ON L4T 2H3

ਸਮੂਹ ਗਿੱਲ ਪਰਿਵਾਰ
+1 416-802-7377, +1 416-735-7737
+1 416-880-9785
E-mail: tgill@imchd.com

Design by: ਡੋਗਰਾ ਪ੍ਰਿੰਟਰਜ਼, ਲਿੰਕ ਰੋਡ, ਜਗਰਾਉਂ #98784-03812


JULY 1ST
LET'S CELEBRATE
CANADA DAY
ਆਪ ਸਭ ਨੂੰ
ਕੈਨੇਡਾ ਡੇਅ
ਦੀਆਂ ਲੱਖ-ਲੱਖ
ਮੁਬਾਰਕਾਂ!
AMARJOT SANDHU
MPP BRAMPTON WEST
amarjot.sandhu@pc.ola.org
10 GILLINGHAM DR, UNIT 309, BRAMPTON, ON, L6X 0G6 | 1.905.595.1532


BRAMPTON CELEBRATES
CANADA DAY
JULY 1 • NOON-10PM
CHINGUACOUSY PARK
MAIN STAGE
PERFORMANCES BY
THE JIM CUDDY BAND
DIGGING ROOTS
WICKED TRUTH
PRESENTED BY
CIBC
CIBC Global Money Transfer™
WATER RE-FILL STATIONS
PRESENTED BY
Meridian
SPECTACULAR FIREWORKS DISPLAY
PRESENTED BY
Tim Hortons
GENEROUSLY SPONSORED BY
alectra
Bell
Performance Auto Group
BRAMPTON
www.brampton.ca/canadaday
Funded by the Government of Canada
Canada


HAPPY
CANADA DAY
1 JULY
Wishing everyone a Bright & Glorious Day!
JAS TOOR
Salesperson
(Sutton Group Realty Inc.)
Ph: (647) 242-8667
JAGDISH GREWAL
Salesperson
(Century 21 President Inc.)
Ph: (416) 970-5005


ROYAL CANADIAN
International
CIRCUS
UNDER THE BIG TOP
ETOBICOKE, BRAMPTON & MISSISSAUGA
June 29–August 20
2 for 1
GENERAL ADMISSION
TICKETS
at royalcanadiancircus.ca with Promo Code Punjabi


HAPPY CANADA DAY!
ON JULY 1ST, CANADA WILL BE CELEBRATING 156 YEARS OF INDEPENDANCE!
RUBY SAHOTA MP - Brampton North
UNIT 306 - 50 SUNNY MEADOW BLVD., BRAMPTON - TEL. 905 - 840 - 0505 - EMAIL : RUBY.SAHOTA@PARL.GC.CA